


VOICE OF THE PUNJABI COMMUNITY

DESH PARDES TIMES

# ਦੇਸ ਪ੍ਰਦੇਸ ਟਾਈਮਜ਼

Vancouver-Winnipeg-Edmonton-Calgary

ਸੰਪਾਦਕ- ਸੁਖਵਿੰਦਰ ਸਿੰਘ ਚੋਹਲਾ, Sukhwinder Singh Chohla (Editor) Gurbhalinder Singh Sandhu, Editor (Hon.)




VOL-22 ISSUE : 2 DECEMBER, 2023 PHONE : 778-772-1994, Email : editor@deshpardes.ca, sales@deshpardes.ca , www.deshpardes.ca

## ਫੇਸਬੁੱਕ 'ਤੇ ਖ਼ਬਰਾਂ ਪਾਉਣ ਲਈ ਕੈਨੇਡਾ ਸਰਕਾਰ ਤੇ ਗੂਗਲ ਵਿਚਕਾਰ 10 ਕਰੋੜ ਡਾਲਰ ਦਾ ਸਮਝੌਤਾ




ਓਟਵਾ-ਆਨਲਾਈਨ ਨਿਊਜ਼ ਐਕਟ ਨੂੰ ਲੈ ਕੇ ਮਹੀਨਿਆਂ ਬੱਧੀ ਗੱਲਬਾਤ ਪਿੱਛੋਂ ਫੈਡਰਲ ਸਰਕਾਰ ਅਤੇ ਗੂਗਲ ਇਕ ਸਮਝੌਤੇ 'ਤੇ ਪਹੁੰਚ ਗਏ ਹਨ ਜਿਸ ਤਹਿਤ ਇਹ ਦਿਗਜ ਕੰਪਨੀ ਕੈਨੇਡੀਅਨ ਨਿਊਜ਼ ਅਦਾਰਿਆਂ ਨੂੰ ਇਕ ਸਾਲ ਵਿਚ 100 ਮਿਲੀਅਨ ਡਾਲਰ (10 ਕਰੋੜ ਡਾਲਰ) ਅਦਾ ਕਰੇਗੀ। ਇਸ ਸਮਝੌਤੇ ਨਾਲ ਗੂਗਲ ਦੀ ਕੈਨੇਡੀਅਨਾਂ ਦੀ ਪਲੇਟਫਾਰਮ 'ਤੇ ਖ਼ਬਰਾਂ ਤੱਕ ਪਹੁੰਚ ਨੂੰ ਰੋਕਣ ਦੀ ਦਿੱਤੀ ਧਮਕੀ ਖਤਮ ਹੋ ਜਾਵੇਗੀ। ਸਮਝੌਤੇ ਦਾ ਐਲਾਨ ਕਰਦਿਆਂ ਹੈਰੀਟੇਜ ਮੰਤਰੀ ਪਾਸਕੇਲ ਸੇਂਟ-ਓਂਜ ਨੇ ਕਿਹਾ ਕਿ ਸਰਕਾਰ ਨੇ ਗੂਗਲ ਨੂੰ ਬਿਲਕੁਲ ਕੋਈ ਰਿਆਇਤ ਨਹੀਂ ਦਿੱਤੀ ਪਰ ਕੰਪਨੀ ਨੇ ਕਿਹਾ ਕਿ ਫੈਡਰਲ ਸਰਕਾਰ ਨੇ ਉਸ ਦੀਆਂ ਮੁੱਖ ਮੰਗਾਂ ਮੰਨ ਲਈਆਂ ਹਨ ਜਿਨ੍ਹਾਂ ਵਿਚ ਸਮੱਚੀ ਰਕਮ ਨੂੰ ਘਟਾਉਣਾ ਜਿਹੜੀ ਨਿਊਜ਼ ਇੰਡਸਟਰੀ ਨੂੰ ਅਦਾ ਕੀਤੀ ਜਾਣੀ ਹੈ ਅਤੇ ਹਰੇਕ ਨਿਊਜ਼ ਆਊਟਲੈਟ ਨੂੰ ਵਿਅਕਤੀਗਤ ਪੇਮੈਂਟ ਕਰਨ ਦੀ ਬਜਾਏ ਇਕ ਕਿਸਮ ਦੇ ਫੰਡ ਵਿਚ ਪੈਸੇ ਅਦਾ ਕਰਨ ਦੀ ਮੰਗ ਸ਼ਾਮਿਲ ਹੈ। ਜਦੋਂ ਸੰਸਦੀ ਕਮੇਟੀਆਂ ਵਿਚ ਆਨਲਾਈਨ ਨਿਊਜ਼ ਐਕਟ ਜਿਸ ਨੂੰ ਬਿੱਲ ਸੀ-18 ਕਰਕੇ ਵੀ ਜਾਣਿਆਂ ਜਾਂਦਾ ਹੈ 'ਤੇ ਚਰਚਾ ਕੀਤੀ ਜਾ ਰਹੀ ਸੀ ਤਾਂ (ਬਾਕੀ ਸਫ਼ਾ 13 'ਤੇ)

# ਕੈਨੇਡੀਅਨ ਨਾਗਰਿਕ ਨਿੱਝਰ ਦੇ ਕਤਲ ਦੇ ਤਾਰ ਪਨੂੰ ਨੂੰ ਮਾਰਨ ਦੀ ਸੁਪਾਰੀ ਨਾਲ ਜੁੜੇ

## ਅਮਰੀਕਾ ਵਲੋਂ ਭਾਰਤੀ ਏਜੰਟ ਨਖਿਲ ਗੁਪਤਾ ਖਿਲਾਫ ਦੋਸ਼ ਪੱਤਰ ਦਾਇਰ

ਨਿਊਯਾਰਕ-ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਨਿਊਯਾਰਕ ਵਿਚ ਕੈਨੇਡੀਅਨ-ਅਮਰੀਕੀ ਸਿੱਖ ਕਾਰਕੁਨ ਗੁਰਪਤਵੰਤ ਸਿੰਘ ਪਨੂੰ ਨੂੰ ਮਾਰਨ ਦੀ ਨਾਕਾਮ ਕੀਤੀ ਯੋਜਨਾ ਦੀ ਜਾਂਚ ਵਿਚ ਇਸ ਸਾਲ ਦੇ ਸ਼ੁਰੂ ਵਿਚ ਬੀਸੀ ਦੇ ਸਿੱਖ ਵੱਖਵਾਦੀ ਨੇਤਾ ਹਰਦੀਪ ਸਿੰਘ ਨਿੱਝਰ ਨੂੰ ਸਰੀ ਦੇ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਕਤਲ ਕਰਨ ਅਤੇ ਭਾਰਤ ਸਰਕਾਰ ਵਲੋਂ ਕੈਨੇਡਾ ਵਿਚ ਕਤਲਾਂ ਦੀ ਲੜੀ ਨੂੰ ਅੰਜਾਮ ਦੇਣ ਦੀ ਕਥਿਤ ਸਾਜਿਸ਼ ਨਾਲ ਜੁੜੇ ਹੋਣ ਦਾ ਪਤਾ ਲੱਗਾ ਹੈ। ਨਿਊਯਾਰਕ ਵਿਚ ਇਕ ਅਪਰਾਧਿਕ ਦੋਸ਼ ਵਿਚ ਕਿਹਾ ਗਿਆ ਹੈ ਕਿ ਨਿੱਝਰ ਦੀ ਮੌਤ ਤੋਂ ਦੋ ਹਫ਼ਤੇ ਤੋਂ ਵੀ ਘੱਟ ਸਮਾਂ ਪਹਿਲਾਂ ਅਮਰੀਕਾ ਆਧਾਰਤ ਸਿੰਘ ਕਾਰਕੁਨ ਨੂੰ ਕਤਲ ਕਰਨ ਲਈ ਕਿਰਾਏ 'ਤੇ ਲਏ ਦੋਸ਼ੀ ਨੇ ਅਮਰੀਕਾ ਦੇ ਗੁਪਤ ਅਧਿਕਾਰੀ



(ਅੰਡਰਕਵਰ ਅਫਸਰ) ਨੂੰ ਦੱਸਿਆ ਕਿ ਕੈਨੇਡਾ ਵਿਚ ਇਕ ਵੱਡਾ ਨਿਸ਼ਾਨਾ ਬਣਾਇਆ ਜਾਣਾ ਹੈ। ਅਦਾਲਤੀ ਦਸਤਾਵੇਜ਼ ਵਿਚ ਦੋਸ਼ ਲਗਾਇਆ ਗਿਆ ਕਿ ਭਾਰਤ ਸਰਕਾਰ ਦਾ ਇਕ ਮੁਲਾਜ਼ਮ ਉੱਤਰੀ ਅਮਰੀਕਾ ਵਿਚ ਸਿੱਖ ਕਾਰਕੁਨਾਂ ਨੂੰ ਮਾਰਨ ਲਈ ਕਈ ਹੱਤਿਆਵਾਂ ਦੀ ਸਾਜਿਸ਼ ਸਮੇਤ ਘਟਨਾਵਾਂ ਵਿਚ ਮਦਦ ਕਰ ਰਿਹਾ ਸੀ। ਕਥਿਤ ਅਮਰੀਕੀ ਯੋਜਨਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਸਤੰਬਰ ਵਿਚ ਲਗਾਏ ਦੋਸ਼ਾਂ ਨਾਲ ਮੇਲ ਖਾਂਦੀ ਹੈ ਕਿ ਨਿੱਝਰ ਦੇ ਕਤਲ ਪਿੱਛੇ ਭਾਰਤ ਸਰਕਾਰ ਦਾ ਹੱਥ ਹੈ। ਟਰੂਡੋ ਨੇ ਕਿਹਾ ਕਿ ਅਮਰੀਕੀ ਦੋਸ਼ਾਂ ਤੋਂ ਪਤਾ ਲਗਦਾ ਹੈ ਕਿ ਜਦੋਂ ਉਸ ਨੇ ਭਾਰਤ ਸਰਕਾਰ ਖਿਲਾਫ ਦੋਸ਼ ਲਗਾਏ ਸਨ ਤਾਂ ਉਹ ਸਹੀ ਸੀ। ਉਨ੍ਹਾਂ ਕਿਹਾ ਕਿ ਅਮਰੀਕਾ ਤੋਂ ਆ ਰਹੀਆਂ ਖ਼ਬਰਾਂ ਇਸ ਗੱਲ 'ਤੇ ਜ਼ੋਰ ਦੇ ਰਹੀਆਂ ਹਨ ਕਿ ਭਾਰਤ ਨੂੰ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਦੋਸ਼ ਵਿਚ ਅਮਰੀਕਾ ਰਹਿੰਦੇ ਸਿੱਖ ਕਾਰਕੁਨ ਦਾ ਨਾਂਅ ਦਾ ਜ਼ਿਕਰ ਨਹੀਂ ਪਰ ਵਾਸ਼ਿੰਗਟਨ ਪੋਸਟ ਨੇ ਬਾਇਡੇਨ ਪ੍ਰਸ਼ਾਸਨ ਦੇ ਇਕ ਸੀਨੀਅਰ ਸਰੋਤ ਦੇ ਹਵਾਲੇ ਨਾਲ ਕਿਹਾ ਕਿ ਨਿਸ਼ਾਨਾ ਬਣਾਇਆ ਜਾਣ ਵਾਲਾ ਅਮਰੀਕਾ ਅਧਾਰਤ ਸਿੱਖਸ ਫਾਰ ਜਸਟਿਸ (ਬਾਕੀ ਸਫ਼ਾ 13 'ਤੇ)

## ਸਰੀ-ਲੈਂਗਲੀ ਸਕਾਈਟਰੇਨ ਦੇ 8 ਸਟੇਸ਼ਨਾਂ ਦੇ ਨਾਵਾਂ ਦਾ ਰਸਮੀ ਐਲਾਨ




ਸਰੀ-ਬੀਤੇ ਦਿਨ ਸਰੀ ਤੋਂ ਲੈਂਗਲੀ ਤੱਕ ਸਕਾਈਟਰੇਨ ਦੇ ਸਟੇਸ਼ਨਾਂ ਦੇ ਨਾਵਾਂ ਦਾ ਰਸਮੀ ਐਲਾਨ ਕੀਤਾ ਗਿਆ। ਇਸ ਮੌਕੇ ਬੀ ਸੀ ਦੇ ਟਰਾਂਸਪੋਰਟ ਮੰਤਰੀ ਰੌਬ ਫਲੈਮਿੰਗ ਨੇ ਸਕਾਈਟਰੇਨ ਸਟੇਸ਼ਨਾਂ ਦੇ ਨਾਵਾਂ ਦਾ ਰਸਮੀ ਐਲਾਨ ਕਰਦਿਆਂ ਦੱਸਿਆ ਕਿ ਟਰੇਨ ਸਟੇਸ਼ਨਾਂ ਦੇ ਨਾਵਾਂ ਦੀ ਚੋਣ ਭੂਗੋਲਿਕ ਮਹੱਤਤਾ ਨੂੰ ਵੇਖਦਿਆਂ ਕੀਤੀ ਗਈ ਹੈ। ਇਸ 3 ਬਿਲੀਅਨ ਡਾਲਰ ਦੇ ਪ੍ਰਾਜੈਕਟ ਦੀ ਉਸਾਰੀ ਅਗਲੇ ਸਾਲ ਸ਼ੁਰੂ ਹੋ ਜਾਵੇਗੀ ਜੋ 2028 ਵਿਚ ਮੁਕੰਮਲ ਹੋਣ ਦੀ ਉਮੀਦ ਹੈ। ਪਹਿਲਾਂ ਸੂਬਾ ਸਰਕਾਰ ਵਲੋਂ ਇਸ ਪ੍ਰਾਜੈਕਟ ਨੂੰ ਦੋ ਪੜਾਵਾਂ ਵਿਚ ਮੁਕੰਮਲ ਕਰਨ ਦਾ ਐਲਾਨ ਕੀਤਾ (ਬਾਕੀ ਸਫ਼ਾ 9 'ਤੇ)

## ਬੀਸੀ ਸਰਕਾਰ ਵਲੋਂ ਵੱਡਾ ਨਵਾਂ ਹਾਊਸਿੰਗ ਬਿੱਲ ਪਾਸ



ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਦੀ ਸੂਬਾ ਸਰਕਾਰ ਨੇ ਬਹਿਸ ਨੂੰ ਸੀਮਤ ਕਰਨ ਪਿੱਛੋਂ ਵੱਡਾ ਨਵਾਂ ਹਾਊਸਿੰਗ ਬਿੱਲ ਪਾਸ ਕਰ ਦਿੱਤਾ ਜਿਸ ਨੂੰ ਹਾਊਸਿੰਗ ਕਾਨੂੰਨ ਦਾ ਸਭ ਤੋਂ ਮਹੱਤਵਪੂਰਣ ਹਿੱਸਾ ਮੰਨਿਆਂ ਜਾਂਦਾ ਹੈ। ਬਿੱਲ 44 ਬੀਸੀ ਯੂਨਾਈਟਡ, ਬੀਸੀ ਗਰੀਨ, ਬੀਸੀ ਦੀ ਕੰਸਰਵੇਟਿਵ ਪਾਰਟੀ ਅਤੇ ਆਜ਼ਾਦ ਐਮਐਲਏ ਐਡਮ ਵਾਕਰ ਦੀਆਂ 29 ਵੋਟਾਂ ਦੇ ਮੁਕਾਬਲੇ ਨਿਊ ਡੈਮੋਕਰੈਟਿਸ ਕੌਕਸ ਦੀਆਂ 45 ਵੋਟਾਂ ਨਾਲ ਪਾਸ ਹੋ ਗਿਆ। ਬਿੱਲ ਨਾਲ ਸਮੁੱਚੇ ਬੀਸੀ ਦੀ ਮਿਉਂਸਪਲਟੀਜ਼ ਵਿਚ ਮਕਾਨਾਂ ਘਣਤਾ ਵਧ ਜਾਵੇਗੀ ਭਾਵ ਥੋੜੇ ਜਗ੍ਹਾ ਵਿਚ ਜ਼ਿਆਦਾ ਮਕਾਨ ਉਸਾਰੇ ਜਾ ਸਕਣਗੇ। ਇਕ ਜੁਲਾਈ 2024 ਤੋਂ 5000 ਤੋਂ ਵੱਧ ਆਬਾਦੀ ਵਾਲੀਆਂ ਮਿਉਂਸਪਲਟੀਜ਼ ਵਿਚ ਡਿਵੈਲਪਰਜ਼ ਟਰਾਂਜ਼ਿਟ ਨੇੜੇ ਉਨ੍ਹਾਂ ਪਲਾਟਾਂ ਵਿਚ ਤਿੰਨ ਤੋਂ 6 ਯੂਨਿਟਾਂ ਤਕ ਦੇ ਮਕਾਨ ਉਸਾਰ ਸਕਣਗੇ ਜਿਹੜੇ ਮੌਜੂਦਾ ਸਮੇਂ ਸਿੰਗਲ ਫੈਮਿਲੀ ਜ਼ੋਨਸ ਹਨ। ਬਿੱਲ ਦੇ ਪਾਸ ਹੋਣ ਬਾਰੇ ਕਦੇ ਵੀ ਸ਼ੱਕ ਨਹੀਂ ਰਿਹਾ ਪਰ ਜਦੋਂ ਹਾਊਸਿੰਗ ਮੰਤਰੀ ਅਤੇ ਸਰਕਾਰੀ ਹਾਊਸ ਲੀਡਰ ਰਵੀ ਕਾਹਲੋਂ ਨੇ ਬਹਿਸ (ਬਾਕੀ ਸਫ਼ਾ 13 'ਤੇ)
















ACCOST
Insurance & Financial Centre Inc.
Honest•Reliable•Friendly
Wawanesa Insurance
ICBC
ਸੁਪਰ ਵੀਜ਼ਾ ਸਪੈਸ਼ਲ ਰੇਟ
ਟਰੱਕ ਫਲੀਟ ਪ੍ਰੋਰੇਟ
Car/Truck / Homeowners / Business / Financing / Fleet /Prorate
Cargo / Life Insurance / Condo / Tenants / Travel / Supervisa
Nishaber S. Dhindsa Cell: 604-783-5860 mail: nishaberdhindsa@accostinsurance.com
Navinder S Sandhu, CAIB Cell:604-761-6291 mail:navinder.sandhu@accostinsurance.com
Ajay Dhindsa Cell: 778-680-1195 mail: ajaydhindsa@accostinsurance.com
Monday to Sunday 9 am to 9 Pm Holidays:10 am to 5pm
#220 7093 King George Blvd Surrey, BC V3W 5A2
E-mail address: accost@accostinsurance.com
Contact: (604) 502-7878
Location : Accost Insurance & Financial Centre Inc.
Surrey Location : 7093 King George Blvd.Surrey, BC V3W5 A2


ਮਾੜੀ ਮੁਸਤਫਾ ਵਾਲੇ, ਮੋਗੇ ਵਾਲੇ
PJ
PRITAM JEWELLERS
ਪ੍ਰੀਤਮ ਜਿਊਲਰਜ਼
ਅਸੀਂ ਹਰ ਤਰ੍ਹਾਂ ਦੇ ਸੋਨੇ ਦੇ,
ਹੀਰਿਆਂ ਦੇ ਗਹਿਣੇ ਤਿਆਰ ਕਰਦੇ ਹਾਂ।
ਇਥੇ ਤੁਹਾਡੇ ਪੁਰਾਣੇ ਸੋਨੇ ਦੀ ਵਧੀਆ ਕੀਮਤ ਦਿੱਤੀ ਜਾਵੇਗੀ।
ਇਥੇ ਕੰਨ, ਨੱਕ ਵਿੰਨੇ ਜਾਂਦੇ ਹਨ, ਗਹਿਣਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ।
PH-604-504-1313
# Unit 118 32083 Hillcrest Ave Abbotsford, BC V2T 1S3


Teja
A leading supplier of South Asian Food Products since 1955
NEW!
MULTIGRAIN ATTA
GLUTEN FREE ATTA
GLUTEN FREE FLOUR FARINE SANS GLUTEN
604-630-8448
Mandeep Bains | Braham Teja
Web: tejaworldfoods.com | Unit 117-7727 Beedie Way Delta B.C V4G 0A5


CASCADE
BATH AND LIGHTING
Mon- Fri 8:30 am – 5:30 pm Sat 9:00 am- 4:30 pm Sun Closed
Email: sales@cascadebath.ca Web-www.cascadebath.ca
We are glad to welcome you to our brand new showroom in Langley BC. We serve clients across Lower Mainland. We specialize in fancy bath lighting fittings and have the widest range of latest and fashionable products to choose from. All our products are best in terms of quality and affordability.
WE CRAFT PRODUCTS, EXPERIENCES & amp; PLATFORMS THAT TRANSFORM BRANDS
Riobel
Cascade Server
BLANCO
MOEN
mirolin
PH: 604-510-9400 FAX: 604-510-9401
20667 LANGLEY BYPASS LANGLEY, B.C.V3A 5E8


SAMEER KAUSHAL
&
ANKUR KAUSHAL
PERSONAL REAL ESTATE CORPORATION
Commercial
Residential
Property Experts
Century 21
ਰੀਅਲ ਅਸਟੇਟ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ।
604- 897-9575
604-897-0006
Sameer Kaushal B.Sc., MBA
#105,7928 128 Street Surrey, BC V3W 4E8
Ankur Kaushal


A-CLASS ELECTRIC LTD.
Trusted Name in The Community
HOUSE WIRING -
TOWN HOUSES WIRING -
COMMERCIAL WIRING -
INDUSTRIAL WIRING -
RENOVATIONS -
ALARM WIRING -
VACUUM -
Serving The Community For More Than 25 Years
SATISFACTION 100% GUARANTEED
ONE DAY SERVICE FOR 8 JOBS
-ELECTRIC - VACUUM - ALARMS - CABLE & TELEPHONE WIRING - INTERCOM
- VIDEO CAMERA - SOUND SYSTEM
- DISH - HOME THEATER
BEST RATES & FRIENDLY SERVICE
CALL FOR FREE ESTIMATES
CELL: 604.780.5600
CELL: 604.351.2538
mssaini48@hotmail.com
TEL: 604.596.5474
FAX: 604.596.4988
MANJIT
CLASS "A" CERTIFIED






VOICE OF THE PUNJABI COMMUNITY
DESH PARDES TIMES

# ਦੇਸ ਪ੍ਰਦੇਸ ਟਾਈਮਜ਼

ਸਨਿਚਰਵਾਰ, 2 ਦਸੰਬਰ, 2023












## ਡਾਓ ਕੈਮੀਕਲ ਵਲੋਂ ਅਲਬਰਟਾ ਵਿਚ 11.5 ਬਿਲੀਅਨ ਡਾਲਰ ਦੇ ਪ੍ਰਾਜੈਕਟ ਦਾ ਐਲਾਨ

ਐਡਮਿੰਟਨ-ਡਾਓ ਕੈਮੀਕਲ ਇੰਕ ਡਾਓ-ਇਨ ਅਗਲੇ ਸਾਲ ਆਪਣੇ ਐਡਮਿੰਟਨ-ਏਰੀਆ ਕੈਮੀਕਲਜ਼ ਪਲਾਂਟ ਵਿਚ ਸੁਧਾਰ ਤੇ ਵਿਸਤਾਰ ਸ਼ੁਰੂ ਕਰਨ ਲਈ ਤਿਆਰ ਹੈ ਅਤੇ ਕੰਪਨੀ ਦਾ ਦਾਅਵਾ ਹੈ ਕਿ ਇਹ ਦੁਨੀਆ ਦੀ ਪਹਿਲੀ ਏਥੀਲੀਨ ਕਰੈਕਰ ਉਦਯੋਗਿਕ ਫੈਸਿਲਟੀ ਹੋਵੇਗੀ ਜਿਹੜੀ ਨੈੱਟ-ਜ਼ੀਰੋ ਗ੍ਰੀਨ ਹਾਊਸ ਦਾ ਨਿਕਾਸ ਕਰੇਗੀ। ਏਥੀਲੀਨ ਕਰੈਕਰ ਇਕ ਉਦਯੋਗਿਕ ਫੈਸਿਲਟੀ ਹੁੰਦੀ ਹੈ ਜਿਹੜੀ ਜੈਵਿਕ ਬਾਲਣ ਨੂੰ ਵਰਤੋਂ ਯੋਗ ਉਤਪਾਦਾਂ ਵਿਚ ਬਦਲਦੀ ਹੈ। ਇਹ ਪ੍ਰਾਜੈਕਟ ਡਾਓ ਦੀ ਪੋਲੀਥੀਲੀਨ ਪੈਦਾ ਕਰਨ ਦੀ ਸਮਰੱਥਾ ਨੂੰ ਵੱਡੇ ਪੱਧਰ 'ਤੇ ਵਧਾਵੇਗੀ ਜਿਹੜਾ ਆਮ ਤੌਰ 'ਤੇ ਪਲਾਸਟਿਕ ਦੇ ਲਿਫਾਫਿਆਂ ਅਤੇ ਭੋਜਨ ਦੇ ਕੰਟੇਨਰਾਂ ਲਈ ਵਰਤਿਆ ਜਾਂਦਾ ਹੈ। ਕੰਪਨੀ ਫੈਰਟ ਸਸਕੈਚਵਨ ਵਿਚ ਸਾਈਟ ਦੀ ਉਸਾਰੀ ਲਈ ਪੈਸਾ ਦੇਣ ਵਾਸਤੇ ਇਨਸੈਂਟਿਵ ਤੇ ਸਬਸਿਡੀਆਂ ਰਾਹੀਂ ਸਰਕਾਰੀ ਸਹਾਇਤਾ ਤੋਂ ਅਰਬਾਂ ਡਾਲਰ ਦਾ ਲਾਭ ਲਵੇਗੀ ਜਦਕਿ ਫੈਡਰਲ ਸਰਕਾਰ ਕੁਝ ਤਰ੍ਹਾਂ ਦੇ ਸਿੰਗਲ ਯੂਜ਼ ਪਲਾਸਟਿਕਾਂ 'ਤੇ ਪਾਬੰਦੀ ਲਈ ਲੜਾਈ ਜਾਰੀ ਰੱਖ ਰਹੀ ਹੈ।




ਡਾਓ ਉਨ੍ਹਾਂ ਕਈ ਕੰਪਨੀਆਂ ਵਿਚੋਂ ਇਕ ਹੈ ਜਿਸ ਨੇ ਸਾਂਝੇ ਰੂਪ ਵਿਚ ਪਾਬੰਦੀ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਹੈ ਅਤੇ ਆਖਰਕਾਰ ਫੈਡਰਲ ਅਦਾਲਤ ਵਿਚੋਂ ਕੇਸ ਜਿੱਤ ਲਿਆ ਜਿਸ ਨੇ ਕੈਬਨਿਟ ਦੇ ਹੁਕਮ ਨੂੰ ਰੱਦ ਕਰ ਦਿੱਤਾ ਸੀ। ਸਰਕਾਰ ਨੇ ਅਪੀਲ ਕਰਨ ਦਾ ਪ੍ਰਣ ਕੀਤਾ ਹੈ।














# ਪਿਟ ਬੁੱਲ ਕੁੱਤੇ ਵਲੋਂ ਬੱਕਰੀ ਨੂੰ ਮਾਰਨ ਦੀ ਬਣਾਈ ਵੀਡੀਓ ਜਾਂਚ ਦੇ ਘੇਰੇ ਵਿਚ

ਵਿਕਟੋਰੀਆ-ਕਿਸੇ ਦੀ ਘਰ ਅੰਦਰ ਇਕ ਪਿਟ ਬੁੱਲ ਕੁੱਤੇ ਵਲੋਂ ਇਕ ਬੱਕਰੀ 'ਤੇ ਹਮਲਾ ਕਰਕੇ ਮਾਰਨ ਦੀ ਵੀਡੀਓ ਬਣਾਉਣ ਪਿੱਛੋਂ ਆਰਸੀਐਮਪੀ ਮਾਮਲੇ ਦੀ ਜਾਂਚ ਕਰ ਰਹੀ ਹੈ। ਡਿਟੈਚਮੈਂਟ ਦਾ ਕਹਿਣਾ ਕਿ ਹਮਲੇ ਦੀ ਆਨਲਾਈਨ ਪਾਈ ਵੀਡੀਓ ਤੋਂ ਪਤਾ ਲਗਦਾ ਹੈ ਕਿ ਹਮਲਾ ਦੇਖਣ ਵਾਲੇ ਕੋਲ ਖੜੇ ਸਨ ਅਤੇ ਹਮਲੇ ਲਈ ਉਤਸ਼ਾਹਿਤ ਕਰ ਰਹੇ ਸਨ। ਅਧਿਕਾਰੀਆਂ ਨੇ ਕ੍ਰਿਮੀਨਲ ਕੋਡ ਆਫ ਕੈਨੇਡਾ ਅਤੇ ਪ੍ਰੀਵੈਂਸ਼ਨ ਆਫ ਕਰੂਅਲਟੀ ਟੂ ਐਨੀਮਲਜ਼ ਐਕਟ ਤਹਿਤ ਇਕ ਘਰ ਦੀ ਤਲਾਸ਼ੀ ਵਾਰੰਟ ਹਾਸਲ ਕੀਤੇ ਅਤੇ ਬੱਕਰੀ ਦਾ ਪਿੰਜਰ ਬਰਾਮਦ ਕੀਤਾ। ਆਰਸੀਐਮਪੀ ਨੇ ਦੱਸਿਆ ਕਿ ਘਰ ਗ੍ਰੇਨਾਈਟ ਐਵੀਨਿਊ ਦੇ 2600 ਬਲਾਕ ਵਿਚ ਸਥਿਤ ਹੈ ਜੋ ਹਾਈਵੇਅ 5 ਦੇ ਨੇੜੇ ਪੈਂਦਾ ਹੈ। ਡਿਟੈਚਮੈਂਟ ਨੇ ਕਿਹਾ ਕਿ ਉਹ ਇਹ ਪਤਾ ਲਗਾਉਣ ਲਈ ਬੱਕਰੀ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਕਿਥੋਂ ਆਈਸੀ ਅਤੇ ਕੀ ਇਹ ਚੋਰੀ ਕੀਤੀ ਗਈ ਸੀ, ਵੇਚੀ ਗਈ ਜਾਂ ਉਂਜ ਦਿੱਤੀ ਗਈ ਸੀ। ਇਸ ਸਬੰਧ ਵਿਚ ਅਜੇ ਤਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ।

# ਖਾਲਸਾ ਦੀਵਾਨ ਸੋਸਾਇਟੀ ਐਬਸਫੋਰਡ ਦੀ ਵਿਸ਼ੇਸ਼ ਮੀਟਿੰਗ 23 ਦਸੰਬਰ ਨੂੰ

## ਸਮੂਹ ਮੈਂਬਰਾਨ ਨੂੰ ਸ਼ਾਮਲ ਹੋਣ ਦਾ ਸੱਦਾ

ਐਬਸਫੋਰਡ (ਬਰਾੜ-ਭਗਤਾ ਭਾਈ ਕਾ)-ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੋਸਾਇਟੀ ਐਬਸਫੋਰਡ ਦੀ ਇਮਾਰਤ ਦੇ ਵੱਖ -ਵੱਖ ਹਿੱਸਿਆਂ ਵਿੱਚ ਪਾਈਆਂ ਗਈਆਂ ਕੁਝ ਖ਼ਾਮੀਆਂ ਨੂੰ ਦਰੁਸਤ ਕਰਨ ਲਈ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ 23 ਦਸੰਬਰ 2023 ਦਿਨ ਸ਼ਨੀਵਾਰ ਨੂੰ ਦੁਪਹਿਰ ਬਾਅਦ 1 ਵਜੇ ਵਿਸ਼ੇਸ਼ ਮੀਟਿੰਗ ਰੱਖੀ ਗਈ ਹੈ। ਇਸ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਤੋਂ ਇਲਾਵਾ ਗੁਰੂਘਰ ਦੇ ਸਾਰੇ ਮੈਂਬਰਾਨ ਨੂੰ ਵਿਸ਼ੇਸ਼ ਸੱਦਾ ਦਿੱਤਾ ਗਿਆ ਹੈ। ਮੀਟਿੰਗ ਦਾ ਏਜੰਡਾ ਗੁਰਦੁਆਰਾ ਸਾਹਿਬ ਦੇ ਖ਼ਰਾਬ ਹੋਏ ਕੁਝ ਹਿੱਸਿਆਂ ਦੀ ਮੁਰੰਮਤ ਕਰਨ ਅਤੇ ਕੁਝ ਨਵਾਂ ਕਰਨ ਬਾਰੇ ਹੈ ਜਿਸ ਦੇ ਸੰਬੰਧ ਵਿੱਚ ਸੰਗਤ ਤੋਂ ਮਨਜ਼ੂਰੀ ਲੈ ਕੇ ਹੀ ਸਾਰੇ ਕੰਮ ਦੀ ਸ਼ੁਰੂਆਤ ਕੀਤੀ ਜਾਵੇਗੀ। ਜਿਹੜੇ ਜਿਹੜੇ ਵੀ ਹਿੱਸਿਆਂ ਨੂੰ ਮੁਰੰਮਤ ਦੀ ਲੋੜ ਹੈ ਉਨ੍ਹਾਂ ਵਿੱਚ ਦਰਬਾਰ ਸਾਹਿਬ ਤੱਕ ਉੱਪਰ ਜਾਣ ਲਈ ਲਿਫਟ ਦੀ ਮੁਰੰਮਤ, ਦਰਬਾਰ ਸਾਹਿਬ ਹਾਲ ਨੂੰ ਨਵਿਆਉਣ ਲਈ, ਵਾਸ਼ਰੂਮਾਂ 'ਚ ਵਰਤੇ ਜਾਣ ਵਾਲੇ ਉਪਕਰਨ ਬਦਲਣ ਲਈ, ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਲਈ ਨਵੀਂ ਵੈਨ ਖਰੀਦੇ ਜਾਣ ਬਾਰੇ, ਰੂਫਿੰਗ ਬਦਲਣ ਬਾਰੇ ਅਤੇ ਕੁਝ ਹੋਰ ਸਮਾਨ ਦੀ ਮੁਰੰਮਤ ਸ਼ਾਮਲ ਹੈ। ਹੋਰ ਵਧੇਰੇ ਜਾਣਕਾਰੀ ਲਈ ਪ੍ਰਧਾਨ ਮਨਿੰਦਰ ਸਿੰਘ ਗਿੱਲ ਨਾਲ 778-242-2113 ਜਾਂ 604-850-7338 ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਲੋਟਸ ਟਰਮੀਨਲਜ਼ ਨੇ ਜਿੱਤਿਆ ਬਿਜਨਸ ਐਕਸੀਲੈਂਸੀ ਪੁਰਸਕਾਰ

ਵਿਕਟੋਰੀਆ-ਨਵੰਬਰ ਦੇ ਸ਼ੁਰੂ ਵਿਚ 2023 ਸਰੀ ਬਿਜਨਸ ਐਕਸੀਲੈਂਸ ਪੁਰਸਕਾਰ ਸਮਾਰੋਹ ਵਿਖੇ ਕਲੋਵਰਡੇਲ ਦੀ ਕੰਪਨੀ ਲੋਟਸ ਟਰਮੀਨਲ ਨੇ ਬਿਜਨਸ ਐਕਸੀਲੈਂਸੀ ਪੁਰਸਕਾਰ ਜਿੱਤਿਆ ਹੈ। 41 ਤੋਂ ਵੀ ਵੱਧ ਮੁਲਾਜ਼ਮਾਂ ਵਾਲੀ ਕੰਪਨੀ ਲੋਟਸ 8 ਸਾਲ ਪਹਿਲਾਂ ਕਲੋਵਰਡੇਲ ਸ਼ਿਫਟ ਹੋਈ ਸੀ। ਲੋਟਸ ਦੇ ਸੀਓਓ ਰਿਕੀ ਬੱਲ ਨੇ ਕਿਹਾ ਕਿ ਉਸ ਨੂੰ ਕਦੇ ਵੀ ਆਸ ਨਹੀਂ ਸੀ ਕਿ ਸਾਡੀ ਕੰਪਨੀ ਪੁਰਸਕਾਰ ਜਿੱਤੇਗੀ। ਸਾਡਾ ਬਹੁਤ ਸਨਮਾਨ ਹੋਇਆ ਹੈ। ਬੱਲ ਦੀ ਕੰਪਨੀ ਇਕ ਸੰਪਤੀ-ਆਧਾਰਤ ਟਰਾਂਸਪੋਰਟੇਸ਼ਨ ਅਤੇ ਢੋਆ-ਢੁਆਈ ਦੇ ਪ੍ਰਬੰਧ ਵਾਲਾ ਉੱਦਮ ਹੈ ਜਿਹੜੀ 2015 ਤੋਂ ਕਲੋਵਰਡੇਲ ਵਿਚ 10 ਏਕੜ ਥਾਂ ਵਿਚ ਚਲਾਈ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਮੈਂ ਜਦੋਂ ਆਪਣਾ ਨਾਂਅ ਸੁਣਿਆਂ ਤਾਂ ਉਹ ਬਹੁਤ ਹੈਰਾਨ ਹੋਇਆ ਸੀ। ਰਿਕੀ ਨੇ ਕਿਹਾ ਕਿ ਸਾਡਾ ਸਟਾਫ ਬਹੁਤ ਮਾਣ ਮਹਿਸੂਸ ਕਰਦਾ ਹੈ। ਸਾਡੇ ਬਹੁਤ ਸਾਰੇ ਕਾਰੋਬਾਰੀ ਭਾਈਵਾਲ, ਗਾਹਕ ਤੇ ਵੈਂਡਰਜ਼ ਨੇ ਵਧਾਈਆਂ ਦਿੱਤੀਆਂ ਹਨ। ਲੋਟਸ ਦੇ ਸੀਈਓ ਪ੍ਰਭ ਬੱਲ ਨੇ ਕਿਹਾ ਕਿ ਉਸ ਨੂੰ ਵੀ ਜਿੱਤ 'ਤੇ ਮਾਣ ਹੈ। ਉਨ੍ਹਾਂ ਕਿਹਾ ਕਿ ਪਛਾਣ ਬਣਨੀ ਵਧੀਆ ਗੱਲ ਹੈ। ਇਹ ਟੀਮ ਦੇ ਕੰਮ ਦਾ ਪ੍ਰਮਾਣ ਹੈ ਅਤੇ ਇਸ ਗੱਲ ਦੀ ਪੁਸ਼ਟੀ ਹੈ ਕਿ ਅਸੀਂ ਕਿਵੇਂ ਇਕੱਠੇ ਕੰਮ ਕਰਦੇ ਹਾਂ। ਇਸ ਮੌਕੇ ਰਿਕੀ ਬੱਲ ਤੁਰੰਤ ਕਹਿੰਦੇ ਹਨ ਕਿ ਬਿਜਨਸ ਪੁਰਸਕਾਰ ਉਸ ਦੀ ਜਾਂ ਪ੍ਰਬੰਧ ਦੀ ਜਿੱਤ ਨਹੀਂ ਸਗੋਂ ਸਟਾਫ ਦੀ ਜਿੱਤ ਹੈ।

# ਸਰੀ ਨਿਊਟਨ ਵਿਚ ਗੋਲੀਬਾਰੀ ਦੀ ਜਾਂਚ

ਸਰੀ-ਪੁਲਿਸ ਵਲੋਂ ਪਿਛਲੇ ਦਿਨੀ ਸ਼ਾਮ 4.13 ਵਜੇ 68 ਐਵੀਨਿਊ ਦੇ 12700 ਬਲਾਕ ਵਿਖੇ ਹੋਈ ਗੋਲੀਬਾਰੀ ਦੀ ਜਾਂਚ ਕਰ ਰਹੀ ਹੈ। ਇਸ ਘਟਨਾ ਵਿਚ ਕੋਈ ਵੀ ਵਿਅਕਤੀ ਜ਼ਖ਼ਮੀ ਨਹੀਂ ਹੋਇਆ ਪਰ ਗੋਲੀਬਾਰੀ ਨਾਲ ਇਕ ਘਰ ਨੂੰ ਨੁਕਸਾਨ ਪੁੱਜਾ ਹੈ। ਜਾਂਚ ਅਧਿਕਾਰੀਆਂ ਦਾ ਮੰਨਣਾ ਕਿ ਇਹ ਇਕ ਅਲੱਗ ਥਲੱਗ ਘਟਨਾ ਸੀ ਅਤੇ ਇਸ ਦਾ ਜਨਤਕ ਸੁਰੱਖਿਆ ਨੂੰ ਕੋਈ ਖ਼ਤਰਾ ਨਹੀਂ ਫਿਰ ਵੀ ਅਧਿਕਾਰੀ ਇਸ ਘਟਨਾ ਦੀ ਵਜ੍ਹਾ ਜਾਨਣ ਲਈ ਅਜੇ ਕੰਮ ਕਰ ਰਹੇ ਹਨ। ਪੁਲਿਸ ਲੋਕਾਂ ਨੂੰ ਕਹਿ ਰਹੀ ਹੈ ਕਿ ਕਿਸੇ ਕੋਲ ਜਾਣਕਾਰੀ ਹੋਵੇ ਤਾਂ ਉਸ ਨਾਲ ਸੰਪਰਕ ਕੀਤਾ ਜਾਵੇ।

# ਗੋਲੀਬਾਰੀ ਵਿਚ ਇਕ ਵਿਅਕਤੀ ਜ਼ਖ਼ਮੀ

ਸਰੀ-ਪਿਛਲੇ ਦਿਨੀ ਦੱਖਣੀ ਸਰੀ ਵਿਚ ਇਕ ਵਿਅਕਤੀ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਆਰਸੀਐਮਪੀ ਨੂੰ ਦੁਪਹਿਰ ਤੋਂ ਪਹਿਲਾਂ 12ਬੀ ਐਵੀਨਿਊ ਦੇ 13900 ਬਲਾਕ ਵਿਚ ਗੋਲੀ ਚੱਲਣ ਦੀਆਂ ਕਈ ਰਿਪੋਰਟਾਂ ਮਿਲੀਆਂ। ਪੁਲਿਸ ਮੌਕੇ 'ਤੇ ਪੁੱਜੀ ਅਤੇ ਗੋਲੀਬਾਰੀ ਦੇ ਸਬੂਤ ਮਿਲੇ ਪਰ ਕੋਈ ਪੀੜਤ ਨਾ ਮਿਲਿਆ। ਜ਼ਖ਼ਮੀ ਵਿਅਕਤੀ ਨੂੰ ਪਹਿਲਾਂ ਹੀ ਸਥਾਨਕ ਹਸਪਤਾਲ ਲਿਜਾਇਆ ਗਿਆ ਸੀ। ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਇਹ ਗੋਲੀਬਾਰੀ ਮਿਥ ਕੇ ਕੀਤੀ ਗਈ ਘਟਨਾ ਲਗਦੀ ਹੈ ਅਤੇ ਪੀੜਤ ਨੂੰ ਪੁਲਿਸ ਜਾਣਦੀ ਹੈ ਅਤੇ ਉਹ ਬੀਸੀ ਗੈਂਗ ਵਿਵਾਦ ਨਾਲ ਜੁੜਿਆ ਹੋਇਆ ਹੈ।

# ਦੋ ਕਾਰਾਂ ਦੀ ਟੱਕਰ ਵਿਚ ਇਕ ਵਿਅਕਤੀ ਦੀ ਮੌਤ

ਸਰੀ-ਦੋ ਕਾਰਾਂ ਦੀ ਟੱਕਰ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ। ਪਿਛਲੇ ਦਿਨੀ ਨਿਊਟਨ ਵਿਚ 128 ਸਟਰੀਟ ਅਤੇ 82 ਐਵੀਨਊ ਦੇ ਚੌਰਾਹੇ ਵਿਖੇ ਦੋ ਮੋਟਰ ਗੱਡੀਆਂ ਦੀ ਟੱਕਰ ਬਾਰੇ ਸਰੀ ਆਰਸੀਐਮਪੀ ਨੂੰ ਰਿਪੋਰਟ ਮਿਲੀ। ਚਿੱਟੇ ਰੰਗ ਦੀ ਫੋਰਡ ਮਸਟੈਂਗ 128 ਸਟਰੀਟ 'ਤੇ ਦੱਖਣ ਵਾਲੇ ਪਾਸੇ ਜਾ ਰਹੀ ਸੀ ਜਦੋਂਕਿ ਕਾਲੇ ਰੰਗ ਦੀ ਟੋਇਟਾ ਕੋਰੋਲਾ 128 ਸਟਰੀਟ 'ਤੇ ਉੱਤਰ ਵਾਲੇ ਪਾਸੇ ਨੂੰ ਜਾ ਰਹੀ ਸੀ। 82 ਐਵੀਨਿਊ ਦੇ ਚੌਰਾਹੇ 'ਤੇ ਕੋਰੋਲਾ ਮਸਟੈਂਗ ਦੇ ਰਸਤੇ ਵਿਚ ਆ ਗਈ। ਇਸ ਪਿੱਛੋਂ ਹੋਈ ਟੱਕਰ ਵਿਚ ਦੋਵਾਂ ਮੋਟਰ ਗੱਡੀਆਂ ਨੂੰ ਕਾਫੀ ਨੁਕਸਾਨ ਪੁੱਜਾ। ਮਸਟੈਂਗ ਦੇ ਮਰਦ ਡਰਾਈਵਰ ਨੂੰ ਮਾਮੂਲੀ ਸੱਟਾਂ ਨਾਲ ਹਸਪਤਾਲ ਲਿਜਾਇਆ ਗਿਆ। ਟੋਇਟਾ ਕੋਰੋਲਾ ਦੇ ਬਾਲਗ ਮਰਦ ਪੈਸੰਜਰ ਨੂੰ ਵੀ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੇ ਜ਼ਖ਼ਮਾਂ ਦੀ ਤਾਬ ਨਾ ਝਲਦਿਆਂ ਦਮ ਤੋੜ ਦਿੱਤਾ। ਕੋਰੋਲਾ ਦਾ ਡਰਾਈਵਰ ਮੌਕੇ ਤੋਂ ਪੈਦਲ ਭੱਜ ਗਿਆ।









# ਪੈਨਟਿੰਕਟਨ ਦੇ ਉੱਘੇ ਬਿਜਨੈਸਮੈਨ ਗੈਰੀ ਜੌਹਲ ਨੂੰ ਸਦਮਾ-ਪਿਤਾ ਦਾ ਦੇਹਾਂਤ

ਵੈਨਕੂਵਰ- ਪੈਨਟਿੰਕਟਨ (ਬੀ. ਸੀ.) ਦੇ ਉਘੇ ਬਿਜਨੈਸਮੈਨ ਗੈਰੀ ਜੌਹਲ ਨੂੰ ਉਸ ਸਮੇਂ ਭਾਰੀ ਸਦਮਾ ਪੁੱਜਾ ਜਦੋਂ ਉਹਨਾਂ ਦੇ ਸਤਿਕਾਰਯੋਗ ਪਿਤਾ ਸ ਤੀਰਥ ਸਿੰਘ ਜੌਹਲ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਲਗਪਗ 72 ਵਰਿਆਂ ਦੇ ਸਨ। ਸਵਰਗੀ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ 3 ਦਸੰਬਰ ਨੂੰ ਬਾਦ ਦੁਪਹਿਰ ਉਹਨਾਂ ਦੇ ਜੱਦੀ ਪਿੰਡ ਜੰਡਿਆਲਾ, ਤਹਿਸੀਲ ਫਿਲੌਰ, ਜਿਲਾ ਜਲੰਧਰ ਵਿਖੇ ਕੀਤਾ ਜਾਵੇਗਾ।



ਇਸੇ ਦੌਰਾਨ ਸ ਜੌਹਲ ਦੇ ਸਦੀਵੀ ਵਿਛੋੜੇ ਉਪਰ ਦੁਖ ਪ੍ਰਗਟ ਕਰਦਿਆਂ ਸੁਰਜੀਤ ਹਾਕੀ ਸੁਸਾਇਟੀ ਦੇ ਪ੍ਰਧਾਨ ਸ੍ਰੀ ਵਿਸ਼ੇਸ਼ ਸਾਰੰਗਲ ਅਤੇ ਸੁਸਾਇਟੀ ਦੇ ਸਮੂਹ ਮੈਂਬਰਾਂ ਨੇ ਗੈਰੀ ਜੌਹਲ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜਿਕਰਯੋਗ ਹੈ ਕਿ ਗੈਰੀ ਜੌਹਲ ਸੁਰਜੀਤ ਹਾਕੀ ਸੁਸਾਇਟੀ ਦੇ ਸਭਿਆਚਾਰਕ ਵਿੰਗ ਦੇ ਚੇਅਰਮੈਨ ਹਨ ਤੇ ਹਰ ਸਾਲ ਸੁਰਜੀਤ ਹਾਕੀ ਟੂਰਨਾਮੈਂਟ ਦੌਰਾਨ ਵੱਡਾ ਯੋਗਦਾਨ ਪਾਉਂਦੇ ਹਨ।

# ਗੁਰਜੀਤ ਸਿੰਘ ਬਾਪਲਾ ਨੈਸ਼ਨਲ ਕਬੱਡੀ ਐਸੋਸੀਏਸ਼ਨ ਆਫ ਕੈਨੇਡਾ ਦੇ 2024 ਲਈ ਪ੍ਰਧਾਨ ਬਣੇ

ਸਰੀ (ਮੋਮੀ ਢਿੱਲੋਂ)- ਬੀਤੇ ਦਿਨ ਨੈਸ਼ਨਲ ਕਬੱਡੀ ਐਸੋਸੀਏਸ਼ਨ ਆਫ ਕੈਨੇਡਾ ਦੀ ਹੋਈ ਇਕ ਮੀਟਿੰਗ ਦੌਰਾਨ ਉਘੇ ਕਬੱਡੀ ਪ੍ਰੋਮੋਟਰ ਗੁਰਜੀਤ ਸਿੰਘ ਬਾਪਲਾ ਨੂੰ ਸਾਲ 2024 ਲਈ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਨੈਸ਼ਨਲ ਕਬੱਡੀ ਐਸੋਸੀਏਸ਼ਨ ਵਿਚ ਸ਼ਾਮਿਲ ਸਾਰੀਆਂ 6 ਕਬੱਡੀ ਕਲੱਬਾਂ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰ ਸ਼ਾਮਿਲ ਹੋਏ। ਇਸ ਮੌਕੇ ਨੈਸ਼ਨਲ ਕਬੱਡੀ ਐਸੋਸੀਏਸ਼ਨ ਦੇ ਸਰਪ੍ਰਸਤ ਨੀਟੂ ਕੰਗ, ਜਨਰਲ ਸੈਕਟਰੀ ਰਾਜ ਪੁਰੇਵਾਲ, ਸਾਬਕਾ ਪ੍ਰਧਾਨ ਇਕਬਾਲ ਸਿੰਘ ਸਵੈਚ, ਯੰਗ ਰਾਇਲ ਕਬੱਡੀ ਕਲੱਬ ਦੇ ਪ੍ਰਧਾਨ ਇੰਦਰਜੀਤ ਸਿੰਘ ਰੂਮੀ, ਸਰੀ ਸਪੋਰਟਸ ਕਲੱਬ ਦੇ ਪ੍ਰਧਾਨ ਬੌਬੀ ਕਾਹਲੋਂ, ਯੂਥ ਕਬੱਡੀ ਕਲੱਬ ਦੇ ਪ੍ਰਧਾਨ ਗੋਲਡੀ ਖਟੜਾ, ਐਬੀ ਸਪੋਰਟਸ ਕਲੱਬ ਦੇ ਪ੍ਰਧਾਨ ਰਮਨ ਝੱਜ, ਪੰਜਾਬ ਸਪੋਰਟਸ ਕਲੱਬ ਦੇ ਪ੍ਰਧਾਨ ਜਿੰਦਰ ਔਜਲਾ, ਹਰਜੀਤ ਕਬੱਡੀ ਕਲੱਬ ਦੇ ਪ੍ਰਧਾਨ ਰਾਜ ਬੱਧਣੀ ਤੇ ਛਿੰਦਾ ਅਚਰਵਾਲ, ਰੂਬੀ ਹਰਖੋਵਾਲ ਕਬੱਡੀ ਕਲੱਬ ਦੇ ਪ੍ਰਧਾਨ ਸੇਠੀ ਹਰਖੋਵਾਲ ਤੋਂ ਇਲਾਵਾ ਬੂਟਾ ਖੱਖ, ਹੈਪੀ ਚੀਮਾ, ਲਾਡੀ ਭੁੱਲਰ, ਜਸਵੀਰ ਅਖਾੜਾ, ਹਰਮਨ ਗਿੱਲ, ਪੰਮਾ ਸਿੱਧੂ, ਰਾਜ ਸਿੱਧੂ, ਗੁਰਪ੍ਰੀਤ ਗਿੱਲ, ਇਕਬਾਲ ਮਾਨ, ਜੋਧਾ ਬੋਲੀਨਾ, ਚਰਨਜੀਤ , ਲਾਲੀ



ਨਰਵਾਲ, ਜਵਾਹਰ ਪੱਡਾ, ਰਾਜ ਨੱਤ, ਕਬੀਰ ਨੱਤ, ਕੁਲਜੀਤ ਬਾਪਲਾ, ਹਰਜਿੰਦਰ ਸਿਧਾਣੀਵਾਲ, ਹਰਜਿੰਦਰ ਜੋਗੀ, ਕਬੀਰ ਨੱਤ, ਬਿੰਦਰ, ਕੁਲਬੀਰ ਦੂਲੇ, ਹਰਵਿੰਦਰ ਨੱਤ, ਬਿਕਰ ਸਰਾਏ, ਸੁਖਜੀਵਨ ਵੜਿੰਗ, ਪਰੈਟੀ ਰਸੂਲਪੁਰ, ਬਿੱਟੂ ਪੁਰੇਵਾਲ ਤੇ ਹੋਰ ਕਈ ਸ਼ਖਸੀਅਤਾਂ ਹਾਜ਼ਰ ਸਨ। ਇਸ ਮੌਕੇ ਰਾਜ ਪੁਰੇਵਾਲ ਜਨਰਲ ਸੈਕਟਰੀ ਨੇ ਦੱਸਿਆ ਕਿ ਨੈਸ਼ਨਲ ਕਬੱਡੀ ਐਸੋਸੀਏਸ਼ਨ ਆਫ ਕੇਨੇਡਾ ਵਿਚ ਪਹਿਲਾਂ ਛੇ ਕਲੱਬਾਂ ਖੇਡ ਰਹੀਆਂ ਸਨ ਤੇ ਹੁਣ ਸਤਵੀਂ ਕਲੱਬ ਵਜੋਂ ਰੂਬੀ ਹਰਖੋਵਾਲ ਕਬੱਡੀ ਕਲੱਬ ਨੂੰ ਸ਼ਾਮਿਲ ਕੀਤਾ ਗਿਆ ਹੈ।









# ਸਰੀ ਵਿਚ ਹਿੰਦੂ ਮੰਦਿਰ ਦੇ ਬਾਹਰ ਫਿਰਕੂ ਨਫਰਤ ਤੇ ਟਕਰਾਅ ਟਲਿਆ

## ਦੋ ਧਿਰਾਂ ਵਿਚਾਲੇ ਖਾਲਿਸਤਾਨ ਜ਼ਿੰਦਾਬਾਦ ਤੇ ਮੁਰਦਾਬਾਦ ਦੀ ਨਾਅਰੇਬਾਜ਼ੀ





ਸਰੀ ( ਦੇ ਪ੍ਰ ਬਿ)- ਅੱਜ ਇਥੇ ਖਾਲਿਸਤਾਨੀ ਸਮਰਥਕਾਂ ਵਲੋਂ ਕੈਨੇਡੀਅਨ ਗੁਰਦੁਆਰਿਆਂ ਵਿਚ ਭਾਰਤੀ ਕੌਂਸਲੇਟ ਅਧਿਕਾਰੀਆਂ ਦੇ ਦਖਲ ਦੇ ਵਿਰੋਧ ਵਿਚ ਪਹਿਲਾਂ ਕੀਤੇ ਐਲਾਨ ਮੁਤਾਬਿਕ ਸਰੀ ਸਥਿਤ ਹਿੰਦੂ ਮੰਦਿਰ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ। ਖਾਲਿਸਤਾਨੀ ਸਮਰਥਕਾਂ ਨੇ ਖਾਲਿਸਤਾਨ ਦੇ ਹੱਕ ਅਤੇ ਭਾਰਤ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਇਸੇ ਦੌਰਾਨ ਮੰਦਿਰ ਦੇ ਬਾਹਰ ਮੁੱਖ ਗੇਟ ਤੇ ਹਿੰਦੂ ਭਾਈਚਾਰੇ ਨਾਲ ਸਬੰਧਿਤ ਨੌਜਵਾਨਾਂ ਨੇ ਤਿਰੰਗੇ ਝੰਡੇ ਦੇ ਨਾਲ ਭਗਵਾਂ ਧਵਜ਼ ਲਹਿਰਾਉਂਦਿਆਂ ਜੈ ਸ੍ਰੀ ਰਾਮ,ਭਾਰਤ ਮਾਤਾ ਦੀ ਜੈ ਅਤੇ ਖਾਲਿਸਤਾਨ ਮੁਰਦਾਬਾਦ ਦੀ ਨਾਅਰੇਬਾਜ਼ੀ ਕੀਤੀ। ਦੋਵਾਂ ਧਿਰਾਂ ਵਲੋਂ ਆਹਮੋ ਸਾਹਮਣੇ ਜਿੰਦਾਬਾਦ-ਮੁਰਦਾਬਾਦ ਦੀ ਮੁਕਾਬਲੇਬਾਜ਼ੀ ਸਮੇਂ ਪੁਲਿਸ ਹਾਜ਼ਰ ਰਹੀ ਜਿਸ ਕਾਰਣ ਫਿਰਕੂ ਨਫਰਤ ਅਤੇ ਟਕਰਾਅ ਤੋਂ ਬਚਾਅ ਰਿਹਾ ਪਰ ਪੁਲਿਸ ਵਲੋਂ ਫਿਰਕੂ ਨਫਰਤ ਫੈਲਾਉਣ ਤੇ ਸ਼ਹਿਰ ਦੀ ਸ਼ਾਂਤੀ ਨੂੰ ਭੰਗ ਕੀਤੇ ਜਾਣ ਦੀ ਕੋਸ਼ਿਸ਼ ਲਈ ਕਿਸੇ ਵਿਅਕਤੀ ਜਾਂ ਧਿਰ ਖਿਲਾਫ ਕੋਈ ਕਨੂੰਨੀ ਚਾਰਾਜੋਈ ਨਹੀ ਕੀਤੀ । ਇਸ ਮੌਕੇ ਮੌਜੂਦ ਗੁਰਦੀਪ ਸਿੰਘ ਗਿੱਲ ਮੁਤਾਬਿਕ ਖਾਲਿਸਤਾਨੀ ਸਮਰਥਕਾਂ ਵਲੋਂ ਰੋਸ ਪ੍ਰਦਰਸ਼ਨ ਸਵੇਰੇ 9 ਵਜੇ ਤੋਂ ਬਾਦ ਦੁਪਹਿਰ 3 ਵਜੇ ਤੱਕ ਕੀਤਾ ਗਿਆ। ਮੌਕੇ ਤੇ ਮੌਜੂਦ ਇਕ ਆਰ ਸੀ ਐਮ ਪੀ ਅਧਿਕਾਰੀ ਵਲੋਂ ਦੋਵਾਂ ਧਿਰਾਂ ਨਾਲ ਗੱਲਬਾਤ ਉਪਰੰਤ ਹੀ ਰੋਸ ਪ੍ਰਦਰਸ਼ਨ ਸਮਾਪਤ ਕੀਤਾ ਗਿਆ। ਸਰੀ ਸ਼ਹਿਰ ਵਿਚ ਦੋ ਧਿਰਾਂ ਵਲੋਂ ਫਿਰਕੂ ਤਣਾਅ ਅਤੇ ਨਫਰਤ ਫੈਲਾਉਣ ਦੀ ਇਸ ਘਟਨਾ ਉਪਰ ਸ਼ਾਂਤੀਪਸੰਦ ਸ਼ਹਿਰੀ ਚਿੰਤਾ ਵਿਚ ਹਨ।

## ਫਰਾਂਸ ਵਿਚ ਅਧਿਆਪਕ ਦਾ ਸਿਰ ਕਲਮ ਕਰਨ ਵਾਲੇ 6 ਜਨੂੰਨੀ ਕਿਸ਼ੋਰਾਂ ’ਤੇ ਮੁਕੱਦਮਾ

ਪੈਰਿਸ-2020 ਵਿਚ ਸ਼ੱਕੀ ਇਸਲਾਮਿਸਟ ਵਲੋਂ ਫਰੈਂਚ ਇਤਿਹਾਸ ਦੇ ਅਧਿਆਪਕ ਸੈਮੂਅਲ ਪੈਟੀ ਦਾ ਹਮਲੇ ਵਿਚ ਸਿਰ ਕਲਮ ਕਰਨ ਦੇ ਦੋਸ਼ ਵਿਚ 6 ਕਿਸ਼ੋਰਾਂ ’ਤੇ ਬੰਦ ਕਮਰਿਆਂ ਵਿਚ ਕੇਸ ਚਲਾਇਆ ਜਾ ਰਿਹਾ ਹੈ। ਅਧਿਆਪਕ ਨੇ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਨੂੰ ਲੈ ਕੇ ਕਲਾਸ ਵਿਚ ਆਪਣੇ ਵਿਦਿਆਰਥੀਆਂ ਨੂੰ ਪੈਗੰਬਰ ਮੁਹੰਮਦ ਦੇ ਕਾਰਟੂਨ ਦਿਖਾਏ ਸਨ ਜਿਸ ਤੋਂ ਵੱਡੀ ਗਿਣਤੀ ਵਿਚ ਮੁਸਲਿਮ ਮਾਪੇ ਗੁੱਸੇ ਵਿਚ ਆ ਗਏ। ਮੁਸਲਮਾਨਾਂ ਦਾ ਮੰਨਣਾ ਕਿ ਪੈਗੰਬਰ ਦਾ ਕੋਈ ਵੀ ਚਿਤਰਣ ਈਸ਼ਨਿੰਦਾ ਹੈ। ਨਾਬਾਲਗਾਂ ਵਿਚੋਂ ਇਕ 15 ਸਾਲਾ ਲੜਕੀ ਹੈ ਜਿਸ ਨੇ ਕਥਿਤ ਰੂਪ ਵਿਚ ਆਪਣੇ ਮਾਪਿਆਂ ਨੂੰ ਦੱਸਿਆ ਕਿ ਪੈਟੀ ਨੇ ਉਸ ਦੀ ਕਲਾਸ ਵਿਚ ਪੈਗੰਬਰ ਦੇ ਕਾਰਟੂਨ ਦਿਖਾਏ ਹਨ। ਇਹ ਗੱਲ ਸਾਬਤ ਹੋਣ ਕਿ ਜਦੋਂ ਇਹ ਘਟਨਾ ਵਾਪਰੀ ਉਹ ਕਲਾਸ ਵਿਚ ਮੌਜੂਦ ਨਹੀਂ ਸੀ ਪਿੱਛੋਂ ਉਸ ਦੇ ਖਿਲਾਫ ਝੂਠਾ ਦੋਸ਼ ਲਗਾਉਣ ਦੇ ਦੋਸ਼ ਲਗਾਏ ਜਾਣਗੇ। 47 ਸਾਲਾ ਪੈਟੀ ਨੂੰ ਪੈਰਿਸ ਦੇ ਉਪਸ਼ਹਿਰੀ ਇਲਾਕੇ ਵਿਚ ਸਕੂਲ ਦੇ ਬਾਹਰ 18 ਸਾਲਾ ਹਮਲਾਵਰ ਨੇ ਮਾਰ ਦਿੱਤਾ ਸੀ ਜਿਹੜਾ ਰੂਸ ਦੇ ਚੇਚਨ ਖੇਤਰ ਵਿਚ ਪੈਦਾ ਹੋਇਆ ਸੀ ਜਿਸ ਨੂੰ ਪੁਲਿਸ ਨੇ ਹਮਲੇ ਤੋਂ ਤੁਰੰਤ ਬਾਅਦ ਮਾਰ ਦਿੱਤਾ ਸੀ। ਜਿਨ੍ਹਾਂ ਹੋਰ ਨਾਬਾਲਗਾਂ ’ਤੇ ਮੁਕੱਦਮਾ ਚਲਾਇਆ ਜਾਣਾ ਹੈ ਉਨ੍ਹਾਂ ਦੀ ਉਮਰ ਹਮਲੇ ਸਮੇਂ 14 ਤੇ 15 ਸਾਲ ਦੇ ਵਿਚਕਾਰ ਸੀ। ਉਨ੍ਹਾਂ ’ਤੇ ਸ਼ੱਕ ਹੈ ਕਿ ਉਨ੍ਹਾਂ ਨੇ ਕਾਤਲ ਨੂੰ ਪੈਟੀ ਬਾਰੇ ਇਸ਼ਾਰਾ ਕੀਤਾ ਅਤੇ ਸਕੂਲ ਤੋਂ ਉਸ ਦੇ ਬਾਹਰ ਜਾਣ ਸਮੇਂ ਨਜ਼ਰ ਰੱਖਣ ਵਿਚ ਮਦਦ ਕੀਤੀ ਸੀ। ਸਾਰੇ 6 ਨਾਬਲਗਾਂ ਦਾ ਮਾਮਲਾ ਚਿਲਡਰਨ ਅਦਾਲਤ ਨੂੰ ਸੌਂਪਿਆ ਗਿਆ ਹੈ ਅਤੇ ਉਹ 2.5 ਸਾਲ ਕੈਦ ਦੀ ਸਜ਼ਾ ਦਾ ਸਾਹਮਣਾ ਕਰ ਸਕਦੇ ਹਨ।

## ਈਸਟ ਕੂਟਨੀ ਵਿਚ ਛੋਟਾ ਜਹਾਜ਼ ਦੁਰਘਟਨਾ ਗ੍ਰਸਤ-ਪਾਇਲਟ ਦੀ ਮੌਤ


ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਵਿਚ ਬ੍ਰਿਸਕੋ ਨੇੜੇ ਜੰਗਲੀ ਇਲਾਕੇ ਵਿਚ ਇਕ ਛੋਟੇ ਜਹਾਜ਼ ਦੇ ਦੁਰਘਟਨਾ ਗ੍ਰਸਤ ਹੋਣ ਨਾਲ ਪਾਇਲਟ ਦੀ ਮੌਤ ਹੋ ਗਈ। ਕੋਲੰਬੀਆ ਵੈਲੀ ਆਰਸੀਐਮਪੀ ਡਿਟੈਚਮੈਂਟ ਨੂੰ ਰਿਪੋਰਟ ਮਿਲੀ ਸੀ ਕਿ ਇਕ ਛੋਟਾ ਜਹਾਜ਼ ਦੁਰਘਟਨਾ ਗ੍ਰਸਤ ਹੋ ਗਿਆ। ਜਹਾਜ਼ ਵਿਚ ਇਕੱਲਾ ਪਾਇਲਟ ਸਵਾਰ ਸੀ।




## ਵਿਧਾਨ ਸਭਾ ਇਜਲਾਸ ਅਣਮਿਥ ਸਮੇਂ ਲਈ ਉਠਾਇਆ

# ਵਿਰੋਧੀ ਧਿਰ ਦੇ ਬਾਈਕਾਟ ਦਰਮਿਆਨ ਚਾਰ ਅਹਿਮ ਬਿੱਲ ਪਾਸ

ਚੰਡੀਗੜ੍ਹ, ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਇਜਲਾਸ ਦਾ ਆਖਰੀ ਦਿਨ ਹੰਗਾਮਾ ਭਰਪੂਰ ਰਿਹਾ। ਵਿਰੋਧੀ ਧਿਰ ਦੇ ਰੌਲੇ-ਰੱਪੇ ਦੌਰਾਨ ਹੀ ਚਾਰ ਅਹਿਮ ਬਿੱਲ ਸਰਬਸੰਮਤੀ ਨਾਲ ਪਾਸ ਕਰ ਦਿੱਤੇ ਗਏ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ਸੈਸ਼ਨ ਦੇ ਪਹਿਲੇ ਦਿਨ ਸੰਜਮ ਵਰਤਣ ਮਗਰੋਂ ਇਜਲਾਸ ਦੀ ਸਮਾਪਤੀ ਵਾਲੇ ਦਿਨ ਆਪਣੀ ਹੋਂਦ ਦਾ ਅਹਿਸਾਸ ਕਰਾਉਂਦੇ ਹੋਏ ਨਾਅਰੇਬਾਜ਼ੀ ਕਰਕੇ ਸਦਨ ‘ਚੋਂ ਵਾਕਆਊਟ ਕੀਤਾ। ਵਿਰੋਧੀ ਧਿਰ ਨੇ ਅਮਨ-ਕਾਨੂੰਨ ਦੀ ਵਿਵਸਥਾ ‘ਤੇ ਚਰਚਾ ਲਈ ਸੈਸ਼ਨ ਦੀ ਮਿਆਦ ਵਧਾਉਣ ਦੀ ਮੰਗ ਨੂੰ ਲੈ ਕੇ ਸੱਤਾਧਾਰੀ ਧਿਰ ਨੂੰ ਨਿਸ਼ਾਨੇ ‘ਤੇ ਲਿਆ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬਿੱਲ ਪਾਸ ਹੋਣ ਮਗਰੋਂ ਦੋ ਦਿਨਾ ਸੈਸ਼ਨ ਅਣਮਿਥੇ ਸਮੇਂ ਲਈ ਉਠਾ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਅੱਜ ਸਦਨ ’ਚੋਂ ਗ਼ੈਰਹਾਜ਼ਰ ਰਹੇ। ਜਿਵੇਂ ਹੀ ਧਿਆਨ ਦਿਵਾਊ ਮਤਿਆਂ ਦੀ ਸਮਾਪਤੀ ਹੋਈ ਤਾਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸੈਸ਼ਨ ਦਾ ਸਮਾਂ ਵਧਾਉਣ ਦੀ ਮੰਗ ਕਰਦਿਆਂ ਕਿਹਾ ਕਿ ਅਮਨ-ਕਾਨੂੰਨ ਦੀ ਵਿਵਸਥਾ ਅਤੇ ਨਸ਼ਿਆਂ ਦੇ ਮੁੱਦੇ ’ਤੇ ਸਦਨ ’ਚ ਚਰਚਾ ਕੀਤੀ ਜਾਣੀ ਲਾਜ਼ਮੀ ਹੈ। ਉਨ੍ਹਾਂ ਇਤਰਾਜ਼ ਕੀਤਾ ਕਿ ਗ਼ੈਰ



ਸਰਕਾਰੀ ਮਤੇ ਬਾਰੇ ਵੀ ਸਦਨ ਵਿਚ ਕੁੱਝ ਨਹੀਂ ਦੱਸਿਆ ਗਿਆ। ਇਸ ਦੌਰਾਨ ਗਾਇਕ ਗਿੱਪੀ ਗਰੇਵਾਲ ਨੂੰ ਮਿਲ ਰਹੀਆਂ ਧਮਕੀਆਂ ਦਾ ਵੀ ਜ਼ਿਕਰ ਕੀਤਾ ਗਿਆ। ਪੰਜਾਬ ਵਿਧਾਨ ਸਭਾ ਨੇ ਸਦਨ ਵਿਚ ਚਾਰ ਅਹਿਮ ਬਿੱਲ ਸਰਬਸੰਮਤੀ ਨਾਲ ਪਾਸ ਕੀਤੇ ਹਨ। ਮਾਲ ਮੰਤਰੀ ਸ੍ਰੀ ਬ੍ਰਮ ਸ਼ੰਕਰ ਜਿੰਪਾ ਵੱਲੋਂ ਤਿੰਨ ਬਿੱਲ ਪੇਸ਼ ਕੀਤੇ ਗਏ, ਜਿਨ੍ਹਾਂ ਵਿੱਚ ਜਾਇਦਾਦ ਦਾ ਤਬਾਦਲਾ (ਪੰਜਾਬ ਸੋਧਨਾ) ਬਿੱਲ-2023, ਰਜਿਸਟ੍ਰੇਸ਼ਨ (ਪੰਜਾਬ ਸੋਧਨਾ) ਬਿੱਲ-2023 ਅਤੇ ਭਾਰਤੀ ਸਟੈਂਪ (ਪੰਜਾਬ ਸੋਧਨਾ) ਬਿੱਲ-2023 ਸ਼ਾਮਲ ਹਨ। ਇਸੇ ਤਰ੍ਹਾਂ ਜਲ ਸਰੋਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਚੌਥਾ ਬਿੱਲ ਪੰਜਾਬ ਕੈਨਾਲ ਐਂਡ ਡਰੇਨੇਜ ਬਿੱਲ-2023 ਪੇਸ਼ ਕੀਤਾ ਗਿਆ। ਅਕਾਲੀ ਵਿਧਾਇਕ ਡਾ. ਸੁਖਵਿੰਦਰ ਸੁੱਖੀ ਨੇ ਸਪਸ਼ਟ ਕੀਤਾ ਕਿ ਉਹ ਵਿੱਤੀ ਬਿੱਲਾਂ ਨੂੰ ਇਸ ਕਰਕੇ ਸਹਿਮਤੀ ਦੇ ਰਹੇ ਹਨ ਕਿਉਂਕਿ ਪੰਜਾਬ ਸਿਰ ਚੜ੍ਹੇ ਵਿੱਤੀ ਬੋਝ ਨੂੰ ਘਟਾਇਆ ਜਾਣਾ ਚਾਹੀਦਾ ਹੈ।

# ਸੁਲਤਾਨਪੁਰ ਲੋਧੀ ਘਟਨਾ ਸੰਬੰਧੀ ਸੁਖਬੀਰ ਦੀ ਅਗਵਾਈ ਹੇਠ ਵ਼ਫਦ ਰਾਜਪਾਲ ਨੂੰ ਮਿਲਿਆ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਮੰਗ ਪੱਤਰ ਸੌਂਪ ਕੇ ਅਪੀਲ ਕੀਤੀ ਕਿ ਸੁਲਤਾਨਪੁਰ ਲੋਧੀ ਵਿੱਚ ਗੁਰਦੁਆਰਾ ਅਕਾਲ ਬੁੰਗਾ ਸਾਹਿਬ ’ਤੇ ਹੋਏ ਬੇਅਦਬੀ ਭਰੇ ਹਥਿਆਰਬੰਦ ਹਮਲੇ ਦੀ ਸੀਬੀਆਈ ਜਾਂਚ ਦੀ ਸਿਫਾਰਸ਼ ਕੀਤੀ ਜਾਵੇ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਵਫ਼ਦ ਨੇ ਰਾਜਪਾਲ ਨੂੰ ਦਿੱਤੇ ਮੰਗ ਪੱਤਰ ਵਿੱਚ ਮੁੱਖ ਮੰਤਰੀ ਦੀ ਕਥਿਤ ਸ਼ਹਿ ’ਤੇ ਗੁਰਦੁਆਰੇ ’ਤੇ ਕਬਜ਼ਾ ਕਰਨ ਲਈ ਪੁਲੀਸ ਭੇਜਣ ਤੇ ਗੋਲੀਆਂ ਚਲਾਉਣ ਦੇ ਦੋਸ਼ ਲਾਏ ਹਨ। ਵਫ਼ਦ ਨੇ ਕਿਹਾ ਕਿ ਸਵੇਰੇ 4 ਵਜੇ ਸ਼ਾਂਤ ਬੈਠ ਕੇ ਗੁਰਬਾਣੀ ਦਾ ਜਾਪ ਕਰ ਰਹੀ ਸੰਗਤ ‘ਤੇ ਹਥਿਆਰਬੰਦ ਹਮਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਹਮਲੇ ਨੇ 1984 ਵਿੱਚ ਅੰਮ੍ਰਿਤਸਰ ’ਚ ਸ੍ਰੀ ਦਰਬਾਰ ਸਾਹਿਬ ’ਤੇ ਹੋਏ ਹਮਲੇ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਰਾਜਪਾਲ ਨਾਲ ਮੁਲਾਕਾਤ ਮਗਰੋਂ ਸੁਖਬੀਰ ਸਿੰਘ ਬਾਦਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੁਰਦੁਆਰਾ ਅਕਾਲ ਬੁੰਗਾ ਤੋਂ ਨਿਹੰਗ ਸਿੰਘਾਂ ਦੇ ਇੱਕ ਧੜੇ ਨੂੰ ਹਟਾ ਕੇ ਦੂਜੇ ਧੜੇ ਦੀ ਅਗਵਾਈ ਕਰਨ ਵਾਲੇ ਆਗੂ ਦਾ ਕਬਜ਼ਾ ਕਰਵਾਉਣ ਲਈ ਕਪੂਰਥਲਾ ਪੁਲੀਸ ਹਥਿਆਰ ਲੈ ਕੇ ਗੁਰਦੁਆਰਾ ਸਾਹਿਬ ਵਿੱਚ ਦਾਖ਼ਲ ਹੋਈ ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਬੂਤ ਵੀ ਰਾਜਪਾਲ ਨੂੰ ਸੌਂਪੇ ਗਏ ਹਨ। ਵਫ਼ਦ ਨੇ ਕਿਹਾ ਕਿ ਘਟਨਾ ਦੀ ਜਾਂਚ ਵਾਸਤੇ ਵਿਵਾਦਾਂ ਦੇ ਘੇਰੇ ਵਿੱਚ ਆਏ ਪੁਲੀਸ ਅਫ਼ਸਰ ਦੀ ਅਗਵਾਈ ਹੇਠ ‘ਸਿਟ’ ਗਠਿਤ ਕਰ ਕੇ ਮਾਮਲੇ ਨੂੰ ਹੋਰ ਪੇਚੀਦਾ ਬਣਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਵਿੱਚ ਸਿਰਫ ਸੀਬੀਆਈ ਜਾਂਚ ਹੀ ਸਾਰੀ ਸਾਜ਼ਿਸ਼ ਦਾ ਪਰਦਾਫਾਸ਼ ਕਰ ਸਕਦੀ ਹੈ। ਇਸ ਦੇ ਨਾਲ ਹੀ ਇਸ ਮਾਮਲੇ ਵਿੱਚ ਮੁੱਖ ਮੰਤਰੀ ਅਤੇ ਘਟਨਾ ਲਈ ਜ਼ਿੰਮੇਵਾਰ ਪੁਲੀਸ ਅਫ਼ਸਰਾਂ ਖ਼ਿਲਾਫ਼ ਕਤਲ ਅਤੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਦੇ ਦੋਸ਼ ਹੇਠ ਕੇਸ ਦਰਜ ਹੋਣਾ ਚਾਹੀਦਾ ਹੈ।



# ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਭਾਜਪਾ ਅੱਗੇ-ਤੇਲੰਗਾਨਾ ਵਿਚ ਕਾਂਗਰਸ ਜਿੱਤ ਦੇ ਨੇੜੇ

ਨਵੀਂ ਦਿੱਲੀ-ਚਾਰ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਤਹਿਤ ਚਲ ਰਹੀ ਵੋਟਾਂ ਦੀ ਗਿਣਤੀ ਵਿਚ ਤਿੰਨ ਰਾਜਾਂ ਮੱਧ ਪ੍ਰਦੇਸ਼, ਰਾਜਸਥਾਨ ਤੇ ਛਤੀਸਗੜ੍ਹ ਵਿਚ ਭਾਜਪਾ ਅੱਗੇ ਚਲ ਰਹੀ ਹੈ ਜਦੋਂ ਕਿ ਇਕ ਰਾਜ ਤਿਲੰਗਾਨਾ ਵਿਚ ਕਾਂਗਰਸ ਅੱਗੇ ਚਲ ਰਹੀ ਹੈ।


ਪਹਿਲੇ ਗੇੜੀ ਦੀਆਂ ਵੋਟਾਂ ਦੀ ਗਿਣਤੀ ਮੁਤਾਬਕ ਮੱਧ ਪ੍ਰਦੇਸ਼ ਵਿਚ ਕੁਲ 230 ਸੀਟਾਂ ਚੋਂ ਭਾਜਪਾ 155 ਸੀਟਾਂ ਜਦੋਂ ਕਿ ਕਾਂਗਰਸ 74 ਸੀਟਾਂ ’ਤੇ ਅੱਗੇ ਹੈ। ਰਾਜਸਥਾਨ ਦੀਆਂ ਕੁਲ 199 ਸੀਟਾਂ ਚੋਂ ਭਾਜਪਾ 116 ਸੀਟਾਂ ਜਦੋਂ ਕਿ ਕਾਂਗਰਸ 69 ਸੀਟਾਂ ’ਤੇ ਅੱਗੇ ਹੈ। ਛਤੀਸਗੜ੍ਹ ਦੀਆਂ 90 ਸੀਟਾਂ ਚੋਂ ਭਾਜਪਾ 52 ਸੀਟਾਂ ਜਦੋਂ ਕਿ ਕਾਂਗਰਸ 35 ਸੀਟਾਂ ’ਤੇ ਅੱਗੇ ਹੈ। ਤਿਲੰਗਾਨਾ ਦੀਆਂ ਕੁਲ 119 ਸੀਟਾਂ ਚੋਂ ਕਾਂਗਰਸ 65 ਸੀਟਾਂ ਅਤੇ ਬੀ ਆਰ ਐਸ 40 ਸੀਟਾਂ ’ਤੇ ਅੱਗੇ ਹੈ।



# ਨੌਕਰੀ ਬਹਾਨੇ ਖਾੜੀ ਦੇਸ਼ਾਂ ’ਚ ਕੀਤਾ ਜਾ ਰਿਹੈ ਲੜਕੀਆਂ ਦਾ ਸੋਸ਼ਨ

## ਸੰਤ ਸੀਚੇਵਾਲ ਦੇ ਯਤਨਾਂ ਸਦਕਾ ਇਰਾਕ ਤੋਂ ਪਰਤੀਆਂ ਲੜਕੀਆਂ ਨੇ ਆਪ ਬੀਤੀ ਸੁਣਾਈ

ਜਲੰਧਰ (ਪਾਲ ਸਿੰਘ ਨੌਲੀ)-ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਇਰਾਕ ਤੋਂ ਪਰਤੀਆਂ ਦੋ ਲੜਕੀਆਂ ਨੇ ਆਪਣੀ ਹੱਡਬੀਤੀ ਸੁਣਾਈ। ਉਨ੍ਹਾਂ ਦੱਸਿਆ ਕਿ ਟਰੈਵਲ ਏਜੰਟਾਂ ਨੇ ਉਨ੍ਹਾਂ ਦਾ ਇਰਾਕ ਵਿੱਚ ਸੌਦਾ ਕੀਤਾ ਸੀ। ਇਨ੍ਹਾਂ ਲੜਕੀਆਂ ਨਾਲ ਮਲੇਸ਼ੀਆ ਤੋਂ ਇੱਕ ਲੜਕਾ ਵੀ ਵਤਨ ਪਰਤਿਆ ਹੈ, ਜੋ ਕਿ ਉੱਥੇ ਜੇਲ੍ਹ ਵਿੱਚ ਬੰਦ ਸੀ। ਇਨ੍ਹਾਂ ਲੜਕੀਆਂ ਨੇ ਸੁਲਤਾਨਪੁਰ ਲੋਧੀ ਸਥਿਤ ਨਿਰਮਲ ਕੁਟੀਆ ਵਿੱਚ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਅਕਤੂਬਰ ਤੇ ਨਵੰਬਰ ਮਹੀਨੇ ਦੌਰਾਨ ਹੁਣ ਤੱਕ 12 ਲੜਕੀਆਂ ਨੂੰ ਓਮਾਨ ਤੇ ਇਰਾਕ ‘ਚੋਂ ਵਾਪਸ ਭਾਰਤ ਲਿਆਂਦਾ ਗਿਆ ਹੈ। ਰਾਜ ਸਭਾ ਮੈਂਬਰ ਬਣਨ ਮਗਰੋਂ ਸੰਤ ਸੀਚੇਵਾਲ ਦੇ ਯਤਨਾਂ ਸਕਦਾ ਹੁਣ ਤੱਕ 60 ਲੜਕੀਆਂ ਵਤਨ ਪਰਤੀਆਂ ਹਨ। ਟਰੈਵਲ ਏਜੰਟਾਂ ਦੇ ਇਸ ਗੰਭੀਰ ਜੁਰਮ ਦਾ ਸਖ਼ਤ ਨੋਟਿਸ ਲੈਂਦਿਆਂ ਸੰਤ ਸੀਚੇਵਾਲ ਨੇ ਕਿਹਾ ਕਿ ਅਜਿਹੇ ਟਰੈਵਲ ਏਜੰਟ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਨੂੰ ਗੁੰਮਰਾਹ ਕਰ ਕੇ ਉਨ੍ਹਾਂ ਨੂੰ ਖਾੜੀ ਦੇਸ਼ਾਂ ਵਿੱਚ ਲਿਜਾ ਕੇ ਵੇਚ ਰਹੇ ਹਨ।





ਇਰਾਕ ਤੋਂ ਪਰਤੀਆਂ ਦੋਵੇਂ ਲੜਕੀਆਂ ਨੇ ਦੱਸਿਆ ਕਿ ਉਹ ਬੀਤੀ 10 ਜੁਲਾਈ ਨੂੰ ਇਰਾਕ ਗਈਆਂ ਸਨ। ਦੋਹਾਂ ਨੂੰ ਫਗਵਾੜਾ ਦੀ ਵਸਨੀਕ ਮਨਦੀਪ ਕੌਰ ਨਾਂ ਦੀ ਟਰੈਵਲ ਏਜੰਟ ਨੇ 80-80 ਹਜ਼ਾਰ ਰੁਪਏ ਲੈ ਕੇ ਪਹਿਲਾਂ ਦੁਬਈ ਭੇਜਿਆ ਤੇ ਉੱਥੇ ਅੱਠ ਘੰਟੇ ਹਵਾਈ ਅੱਡੇ ‘ਤੇ ਰੁਕਣ ਮਗਰੋਂ ਇਰਾਕ ਭੇਜ ਦਿੱਤਾ ਗਿਆ। ਦੋਹਾਂ ਨੂੰ ਰੈਸਤਰਾਂ ਵਿੱਚ ਪੰਜਾਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖ਼ਾਹ ਵਾਲੀ ਨੌਕਰੀ ਦਿਵਾਉਣ ਦੀ ਗੱਲ ਆਖੀ ਗਈ ਸੀ, ਪਰ ਲੜਕੀਆਂ ਨੂੰ ਇਰਾਕ ਪੁੱਜ ਕੇ ਪਤਾ ਲੱਗਿਆ ਕਿ ਉਨ੍ਹਾਂ ਦਾ ਸੌਦਾ ਕੀਤਾ ਗਿਆ ਹੈ। ਇਨ੍ਹਾਂ ਲੜਕੀਆਂ ਕੋਲੋਂ ਦੇਰ ਰਾਤ ਤੱਕ ਕੰਮ ਕਰਵਾਇਆ ਜਾਂਦਾ ਸੀ ਤੇ ਕੰਮ ਨਾ ਕਰਨ ਦੀ ਸੂਰਤ ਵਿੱਚ ਕੁੱਟਮਾਰ ਕੀਤੀ ਜਾਂਦੀ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਵਿਰੋਧ ਕਰਨ ਵਾਲੀਆਂ ਲੜਕੀਆਂ ਨੂੰ ਨਿਰਵਸਤਰ ਕਰ ਕੇ ਗੁਸਲਖਾਨਿਆਂ ਵਿੱਚ ਬੰਦ ਕਰ ਦਿੱਤਾ ਜਾਂਦਾ ਸੀ। ਸੰਤ ਸੀਚੇਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਡੀਜੀਪੀ ਗੌਰਵ ਯਾਦਵ ਨੂੰ ਅਪੀਲ ਕੀਤੀ ਕਿ ਅਜਿਹੇ ਟਰੈਵਲ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

# ਕਿਸਾਨਾਂ ਨੂੰ ਅੰਦੋਲਨ ਲਈ ਮਜਬੂਰ ਕਰ ਰਹੀ ਹੈ ਸਰਕਾਰ: ਉਗਰਾਹਾਂ

ਸੁਨਾਮ ਊਧਮ ਸਿੰਘ ਵਾਲਾ (ਬੀਰ ਇੰਦਰ ਸਿੰਘ ਬਨਭੌਰੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਗੰਨਾ ਕਾਸ਼ਤਕਾਰਾਂ ਦੇ ਮਸਲੇ ਦੇ ਹੱਲ ਕਰਨ ਲਈ ਕੋਈ ਢੁਕਵਾਂ ਕਦਮ ਨਹੀਂ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਮੰਨਣ ਅਤੇ ਬੰਦ ਪਈਆਂ ਖੰਡ ਮਿੱਲਾਂ ਚਲਾਉਣ ਦਾ ਵਾਅਦਾ ਕੀਤਾ ਸੀ ਪਰ ਵਿਧਾਨ ਸਭਾ ਸੈਸ਼ਨ ਵਿੱਚ ਇਸ ਸਾਰੇ ਕੋਈ ਚਰਚਾ ਨਹੀਂ ਹੋਈ। ਉਨ੍ਹਾਂ ਆਖਿਆ ਕਿ ਸਰਕਾਰ ਉਨ੍ਹਾਂ ਨੂੰ ਮੁੜ ਅੰਦੋਲਨ ਕਰਨ ਲਈ ਮਜਬੂਰ ਕਰ ਰਹੀ ਹੈ। ਉਗਰਾਹਾਂ ਨੇ ਕਿਹਾ, “ਸਾਡੀ ਯੂਨੀਅਨ ਸੰਘਰਸ਼ ਲਈ ਤਿਆਰ ਹੈ ਅਤੇ ਜਲਦੀ ਹੀ ਕਿਸਾਨ ਸੜਕਾਂ ‘ਤੇ ਉਤਰ ਕੇ ਪ੍ਰਦਰਸ਼ਨ ਕਰਨਗੇ। ਕਿਸਾਨ ਕੇਂਦਰ ਅਤੇ ਪੰਜਾਬ ਖ਼ਿਲਾਫ਼ ਅੰਦੋਲਨ ਵਿੱਢਣਗੇ।







ISSN : 1703-1370

VOICE OF THE PUNJABI COMMUNITY

DESH PARDES TIMES

ਦੇਸ ਪ੍ਰਦੇਸ ਟਾਈਮਜ਼



EDITOR / ਸੰਪਾਦਕ

ਸੁਖਵਿੰਦਰ ਸਿੰਘ ਚੋਹਲਾ

SUKHWINDER SINGH CHOHLA

MANAGING EDITOR (Hon.)

GURBHALINDER SINGH SANDHU

ASST. EDITOR (EDMONTON)

DAVINDER DEEPTI


ਸੰਪਾਦਕ ਦੀ ਕਲਮ ਤੋਂ....✍

# ਅਮਰੀਕੀ ਫੈਡਰਲ ਅਦਾਲਤ ਵਿਚ ਭਾਰਤੀ ਏਜੰਟ ਖਿਲਾਫ ਦੋਸ਼ ਪੱਤਰ ....

## ਸੁਖਵਿੰਦਰ ਸਿੰਘ ਚੋਹਲਾ

ਮੈਨਹਟਨ ਸਥਿਤ ਅਮਰੀਕੀ ਸਰਕਾਰੀ ਵਕੀਲ ਵਲੋਂ ਫੈਡਰਲ ਅਦਾਲਤ ਵਿਚ ਦਾਇਰ ਕੀਤੇ ਗਏ ਦੋਸ਼ ਪੱਤਰ ਵਿਚ ਜੋ ਖੁਲਾਸਾ ਕੀਤਾ ਗਿਆ ਹੈ, ਉਹ ਕੌਮਾਂਤਰੀ ਸਿਆਸਤ ਵਿਚ ਵੱਡੇ ਧਮਾਕੇ ਦੇ ਨਾਲ ਅਮਰੀਕਾ-ਭਾਰਤੀ ਦੁਵੱਲੇ ਸਬੰਧਾਂ ਨੂੰ ਖਤਰੇ ਵਿਚ ਪਾਉਣ ਵਾਲਾ ਹੈ। ਇਸ ਦੋਸ਼ ਪੱਤਰ ਵਿਚ ਇਕ ਭਾਰਤੀ ਨਾਗਰਿਕ ਜਿਸਨੂੰ ਚੈਕ ਗਣਰਾਜ ਵਿਚ ਇਸ ਜੂਨ ਮਹੀਨੇ ਹਿਰਾਸਤ ਵਿਚ ਲਿਆ ਗਿਆ ਹੈ, ਦੀ ਹਵਾਲਗੀ ਲਈ ਚਾਰਾਜੋਈ ਕਰਦਿਆਂ ਦੱਸਿਆ ਗਿਆ ਹੈ ਕਿ ਉਸਨੇ ਇਕ ਹੋਰ ਭਾਰਤੀ ਅਧਿਕਾਰੀ ਦੇ ਦਿਸ਼ਾ ਨਿਰਦੇਸ਼ਾਂ ਤੇ ਕੰਮ ਕਰਦਿਆਂ ਅਮਰੀਕੀ ਧਰਤੀ ਉਪਰ ਇਕ ਅਮਰੀਕੀ ਨਾਗਰਿਕ ਨੂੰ ਮਾਰਨ ਲਈ ਯੋਜਨਾ ਤੇ ਕੰਮ ਕਰਦਿਆਂ ਇਕ ਹਿਟਮੈਨ ਨਾਲ ਇਕ ਲੱਖ ਡਾਲਰ ਵਿਚ ਸੌਦਾ ਕੀਤਾ ਜਦੋਂਕਿ ਇਹ ਹਿਟਮੈਨ ਕੋਈ ਹੋਰ ਨਹੀਂ ਅਮਰੀਕੀ ਖੁਫੀਆ ਏਜੰਸੀ ਦਾ ਇਕ ਅਧਿਕਾਰੀ ਹੀ ਸੀ। ਚੈਕ ਗਣਰਾਜ ਵਿਚ ਫੜੇ ਗਏ ਨਖਿਲ ਗੁਪਤਾ ਨਾਮ ਦੇ ਭਾਰਤੀ ਏਜੰਟ ਨੇ ਅਮਰੀਕਾ ਵਿਚ ਜਿਸ ਵਿਅਕਤੀ ਨਾਲ ਇਸ ਗੁਪਤ ਯੋਜਨਾ ਨੂੰ ਸਿਰੇ ਚਾੜਨ ਲਈ ਗੱਲਬਾਤ ਕੀਤੀ, ਉਸਨੂੰ ਉਸਨੇ ਅਮਰੀਕੀ ਨਾਗਰਿਕ ਦਾ ਨਾਮ, ਪਤਾ ਤੇ ਉਸਦੀਆਂ ਰੋਜਾਨਾ ਗਤੀਵਿਧੀਆਂ ਬਾਰੇ ਪੂਰੀ ਜਾਣਕਾਰੀ ਭੇਜੀ।

ਗੁਪਤਾ ਨੂੰ ਮਈ ਵਿਚ ਇਕ ਅਣਪਛਾਤੇ ਭਾਰਤੀ ਸਰਕਾਰੀ ਅਧਿਕਾਰੀ ਦੁਆਰਾ ਪੰਨੂ ਦੀ ਹੱਤਿਆ ਦੀ ਯੋਜਨਾ ਬਣਾਉਣ ਲਈ ਭਰਤੀ ਕੀਤਾ ਗਿਆ ਸੀ ਪਰ ਅਮਰੀਕੀ ਖੁਫੀਆ ਏਜੰਸੀਆਂ ਦੇ ਸਤਰਕ ਹੋਣ ਕਾਰਣ ਕਿਸੇ ਵਿਦੇਸ਼ੀ ਏਜੰਟ ਵਲੋਂ ਅਮਰੀਕੀ ਧਰਤੀ ਉਪਰ ਇਕ ਅਮਰੀਕੀ ਨਾਗਰਿਕ ਨੂੰ ਮਾਰੇ ਜਾਣ ਦੀ ਯੋਜਨਾ ਨਾਕਾਮ ਕਰ ਦਿੱਤੀ ਗਈ। ਭਾਵੇਂਕਿ ਅਦਾਲਤੀ ਦੋਸ਼ ਪੱਤਰ ਵਿਚ ਅਮਰੀਕੀ ਨਾਗਰਿਕ ਦੇ ਨਾਮ ਦਾ ਖੁਲਾਸਾ ਨਹੀ ਕੀਤਾ ਗਿਆ ਪਰ ਸਰੋਤਾਂ ਨੇ ਜਾਹਰ ਕੀਤਾ ਕਿ ਹੈ ਕਿ ਭਾਰਤੀ ਏਜੰਟ ਦਾ ਨਿਸ਼ਾਨਾ ਸਿਖਸ ਫਾਰ ਜਸਟਿਸ ਦਾ ਆਗੂ ਗੁਰਪਤਵੰਤ ਸਿੰਘ ਪੰਨੂ ਸੀ। ਭਾਰਤੀ ਏਜੰਟ ਨੇ ਅਮਰੀਕੀ ਹਿਟਮੈਨ ( ਅੰਡਰਕਵਰ ਅਫਸਰ) ਨੂੰ ਇਹ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ ਉਸਨੂੰ ਇਹ ਵੀ ਦੱਸਿਆ ਕਿ ਉਹਨਾਂ ਦੇ ਨਿਸ਼ਾਨੇ ਉਪਰ ਤਿੰਨ ਚਾਰ ਹੋਰ ਵਿਅਕਤੀ ਵੀ ਹਨ ਜਿਹਨਾਂ ਨੂੰ ਮਾਰਨ ਲਈ ਇਕ ਚੰਗੀ ਟੀਮ ਦੀ ਲੋੜ ਹੈ। ਉਸਨੇ ਕੈਨੇਡਾ ਵਿਚ ਜੂਨ ਮਹੀਨੇ ਕਤਲ ਕੀਤੇ ਗਏ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਤੇ ਦੱਸਿਆ ਕਿ ਹੁਣ ਉਸਦੀ ਚਿੰਤਾ ਕਰਨ ਦੀ ਲੋੜ ਨਹੀ ਕਿਉਂਕਿ ਉਸਦਾ ਕੰਮ ਕਰ ਦਿੱਤਾ ਗਿਆ ਹੈ। ਉਸਨੇ ਅਮਰੀਕੀ ਏਜੰਟ ਨੂੰ ਨਿੱਝਰ ਦੇ ਕਤਲ ਉਪਰੰਤ ਲਈਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ।



ਅਮਰੀਕੀ ਅਦਾਲਤ ਵਿਚ ਇਕ ਭਾਰਤੀ ਏਜੰਟ ਖਿਲਾਫ ਦੋਸ਼ ਪੱਤਰ ਦਾਇਰ ਹੋਣ ਉਪਰੰਤ ਕੈਨੇਡਾ ਨੇ ਆਪਣੇ ਦੋਸ਼ਾਂ ਨੂੰ ਮੁੜ ਦੁਹਰਾਉਂਦਿਆਂ ਭਾਰਤ ਸਰਕਾਰ ਨੂੰ ਜਾਂਚ ਵਿਚ ਸਹਿਯੋਗ ਦੇਣ ਦੀ ਗੱਲ ਕਹੀ ਹੈ। ਭਾਰਤ ਸਰਕਾਰ ਨੇ ਭਾਵੇਂਕਿ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਕਿਸੇ ਤਰਾਂ ਦੇ ਹੱਥ ਹੋਣ ਤੋਂ ਇਨਕਾਰ ਕੀਤਾ ਹੈ ਪਰ ਹੈਰਾਨੀਜਨਕ ਗੱਲ ਇਹ ਹੈ ਕਿ ਅਮਰੀਕਾ ਵਲੋਂ ਇਕ ਭਾਰਤੀ ਨਾਗਰਿਕ ਖਿਲਾਫ ਇਕ ਅਮਰੀਕੀ ਨਾਗਰਿਕ ਨੂੰ ਕਤਲ ਦੀ ਸੁਪਾਰੀ ਦਿੱਤੇ ਜਾਣ ਲਈ ਦਾਇਰ ਕੀਤੇ ਦੋਸ਼ ਪੱਤਰ ਨੂੰ ਗੰਭੀਰ ਮਸਲਾ ਕਰਾਰ ਦਿੰਦਿਆਂ ਇਸ ਮਾਮਲੇ ਦੀ ਜਾਂਚ ਕਰਵਾਏ ਜਾਣਾ ਮੰਨ ਲਿਆ ਹੈ। ਰਿਪੋਰਟਾਂ ਹਨ ਕਿ ਜਦੋਂ ਅਮਰੀਕਾ ਪ੍ਰਸਾਸ਼ਨ ਨੇ ਕੁਝ ਸਮਾਂ ਪਹਿਲਾਂ ਸਿਖਸ ਫਾਰ ਜਸਟਿਸ ਦੇ ਆਗੂ ਪੰਨੂੰ ਨੂੰ ਮਾਰੇ ਜਾਣ ਦੀ ਸਾਜਿਸ਼ ਨਾਕਾਮ ਕੀਤੇ ਜਾਣ ਦਾ ਖੁਲਾਸਾ ਕੀਤਾ ਸੀ ਤਾਂ ਅਮਰੀਕਾ ਨੇ ਇਸ ਸਬੰਧੀ ਭਾਰਤ ਸਰਕਾਰ ਨੂੰ ਜਾਣੂ ਕਰਵਾਇਆ ਸੀ ਕਿ ਉਸਦੀ ਕਿਸੇ ਵੀ ਖੁਫੀਆ ਏਜੰਸੀ ਦਾ ਅਮਰੀਕਾ ਵਿਚ ਅਜਿਹਾ ਦਖਲ ਕਦਾਚਿਤ ਬਰਦਾਸ਼ਤ ਨਹੀ ਕੀਤਾ ਜਾ ਸਕਦਾ। ਦੱਸਿਆ ਗਿਆ ਹੈ ਕਿ ਖੁਫੀਆ ਏਜੰਸੀ ਸੀ ਆਈ ਏ ਦਾ ਇਕ ਅਧਿਕਾਰੀ ਅਮਰੀਕੀ ਨਾਰਾਜ਼ਗੀ ਤੋਂ ਭਾਰਤ ਸਰਕਾਰ ਨੂੰ ਬਾਕਾਇਦਾ ਜਾਣੂ ਕਰਵਾਉਣ ਲਈ ਇੰਡੀਆ ਵੀ ਗਿਆ ਸੀ । ਵਾਈਟਹਾਊਸ ਦੇ ਸੁਰੱਖਿਆ ਸਲਾਹਕਾਰ ਜੈਕ ਸੁਲੀਵਨ ਨੇ ਭਾਰਤੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਵੀ ਬਾਕਾਇਦਾ ਮੀਟਿੰਗ ਕੀਤੀ ਤੇ ਅੱਗੋ ਤੋਂ ਅਜਿਹਾ ਨਾ ਵਾਪਰਨ ਲਈ ਚੌਕਸ ਕੀਤਾ ਵਰਨਾ ਦੋਵਾਂ ਮੁਲਕਾਂ ਦੇ ਸਬੰਧ ਅਸਰਅੰਦਾਜ਼ ਹੋ ਸਕਦੇ ਹਨ । ਜਿਕਰ ਇਹ ਵੀ ਹੈ ਕਿ ਇਸ ਸਤੰਬਰ ਮਹੀਨੇ ਦਿੱਲੀ ਵਿਚ ਜੀ-20 ਦੇ ਸੰਮੇਲਨ ਦੌਰਾਨ ਰਾਸ਼ਟਰਪਤੀ ਬਾਇਡਨ ਨੇ ਖੁਦ ਪ੍ਰਧਾਨ ਮੰਤਰੀ ਮੋਦੀ ਕੋਲ ਵੀ ਰੋਸ ਪ੍ਰਗਟ ਕੀਤਾ ਸੀ। ਸ਼ਾਇਦ ਅਮਰੀਕਾ ਵਲੋਂ ਸਖਤ ਸੰਦੇਸ਼ ਭੇਜੇ ਜਾਣ ਕਾਰਣ ਹੀ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਮੰਨਿਆ ਹੈ ਕਿ ਭਾਰਤ ਨੇ ਅਮਰੀਕਾ ਵਲੋਂ ਲਗਾਏ ਦੋਸ਼ਾਂ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਇਸ ਮਾਮਲੇ ਦੀ ਜਾਂਚ ਕਰਵਾਈ ਜਾ ਰਹੀ ਹੈ? ਅਗਰ ਭਾਰਤ ਨੇ ਅਮਰੀਕੀ ਦਬਾਅ ਨੂੰ ਮੰਨਦਿਆਂ ਮਾਮਲੇ ਦੀ ਜਾਂਚ ਕਰਵਾਉਣ ਦੀ ਹਾਮੀ ਭਰੀ ਹੈ ਤਾਂ ਸਮਝਿਆ ਜਾ ਸਕਦਾ ਹੈ ਕਿ ਸਭ ਠੀਕ ਨਹੀ ਹੈ। ਭਾਰਤ ਅਕਸਰ ਅਮਰੀਕਾ, ਕੈਨੇਡਾ ਤੇ ਯੂਕੇ ਵਿਚ ਵੱਖਵਾਦੀ ਤਾਕਤਾਂ ਨੂੰ ਸ਼ਹਿ ਦੇਣ ਅਤੇ ਭਾਰਤ ਖਿਲਾਫ ਭੰਡੀ ਪ੍ਰਚਾਰ ਦੀ ਸ਼ਿਕਾਇਤ ਕਰਦਾ ਰਿਹਾ ਹੈ। ਉਸ ਵਲੋਂ ਕਈ ਵੱਖਵਾਦੀ ਨੇਤਾਵਾਂ ਖਿਲਾਫ ਭਾਰਤ ਵਿਚ ਕੇਸ ਦਰਜ ਹੋਣ ਦਾ ਹਵਾਲਾ ਦਿੰਦਿਆਂ ਉਹਨਾਂ ਨੂੰ ਅਤਵਾਦੀ ਐਲਾਨਦਿਆਂ ਹਵਾਲਗੀ ਲਈ ਚਾਰਾਜੋਈ ਵੀ ਕੀਤੀ ਗਈ ਹੈ। ਅਗਰ ਕਿਸੇ ਮੁਲਕ ਵਿਚ ਕਿਸੇ ਵਿਅਕਤੀ ਨੇ ਕੋਈ ਅਪਰਾਧ ਕੀਤਾ ਹੈ ਜਾਂ ਕਿਸੇ ਮਾਨਵਤਾ ਵਿਰੋਧੀ ਅਪਰਾਧ ਵਿਚ ਸ਼ਾਮਿਲ ਹੈ ਤਾਂ ਉਸਦੇ ਖਿਲਾਫ ਕੌਮਾਂਤਰੀ ਕਨੂੰਨ ਮੁਤਾਬਿਕ ਕਾਰਵਾਈ ਸੰਭਵ ਹੈ ਪਰ ਕਿਸੇ ਵਿਚਾਰਧਾਰਾ ਜਾਂ ਸਿਆਸੀ ਵਖਰੇਵਿਆਂ ਕਾਰਣ ਕਿਸੇ ਵਿਅਕਤੀ ਵਿਸ਼ੇਸ਼ ਨੂੰ ਨਿਸ਼ਾਨਾ ਬਣਾਉਣ ਦੀ ਕਾਰਵਾਈ ਨੂੰ ਕਿਸੇ ਵੀ ਹਾਲਤ ਵਿਚ ਸਵੀਕਾਰ ਨਹੀ ਕੀਤਾ ਜਾ ਸਕਦਾ। ਹਰ ਮੁਲਕ ਦਾ ਆਪਣਾ ਖੁਫੀਆ ਤੇ ਸੁਰੱਖਿਆ ਤੰਤਰ ਹੈ। ਪਰ ਇਸ ਖੁਫੀਆ ਤੰਤਰ ਦੀਆਂ ਕਾਰਵਾਈਆਂ ਕਦੇ ਜਨਤਕ ਨਹੀ ਹੁੰਦੀਆਂ। ਅਮਰੀਕਾ ਵਲੋਂ ਆਪਣੇ ਖੁਫੀਆ ਤੰਤਰ ਦੀਆਂ ਸੂਚਨਾਵਾਂ ਤੇ ਜਾਣਕਾਰੀਆਂ ਨੂੰ ਨਸ਼ਰ ਕੀਤੇ ਜਾਣ ਪਿੱਛੇ ਕੀ ਭਾਵਨਾ ਕੰਮ ਕਰ ਰਹੀ ਹੈ, ਬਹੁਤ ਹੀ ਉਲਝਣ ਭਰਪੂਰ ਹੈ। ਇਸਦੇ ਪਿੱਛੇ ਸਿਆਸੀ ਨਫਾ - ਨੁਕਸਾਨ ਤੇ ਗਿਣਤੀਆਂ ਮਿਣਤੀਆਂ ਕੀ ਹਨ, ਇਹ ਸਮਝਣਾ ਮੁਸ਼ਕਲ ਤਾਂ ਹੈ ਪਰ ਅਸੰਭਵ ਨਹੀਂ । ਵਿਸ਼ਵ ਸਿਆਸਤ ਵਿਚ ਅਮਰੀਕਾ ਤੇ ਉਸਦੇ ਭਾਈਵਾਲ ਆਪਣੇ ਵਿਰੋਧੀਆਂ ਤੇ ਗੁਟ ਨਿਰਲੇਪ ਤਾਕਤਾਂ ਨੂੰ ਕਿਵੇਂ ਵਰਤਦੇ ਜਾਂ ਪੱਖ ਤੇ ਵਿਰੋਧ ਵਿਚ ਭੁਗਤਣ ਲਈ ਕੀ ਹੱਥਕੰਡੇ ਵਰਤਦੇ ਹਨ,ਆਮ ਵਿਅਕਤੀ ਦੀ ਸਮਝ ਤੋ ਬਾਹਰਾ ਹੈ ਪਰ ਸਿਆਸੀ ਵਿਸ਼ਲੇਸ਼ਕਾਂ ਦੀ ਪਕੜ ਵਿਚ ਹੈ । ਭਾਰਤ ਵਰਗਾ ਮੁਲਕ ਜਿਥੇ ਸਿਆਸੀ ਧਿਰਾਂ ਵਲੋਂ ਫਿਰਕਾਪ੍ਰਸਤੀ,ਖੇਤਰਵਾਦ, ਵੱਖਵਾਦ ਤੇ ਅੱਤਵਾਦ ਦਾ ਹਊਆ ਵੋਟਾਂ ਬਟੋਰਨ ਤੇ ਸੱਤਾ ਹਥਿਆਉਣ ਦੇ ਸਾਧਨ ਮਾਤਰ ਹਨ, ਉਸ ਸੌੜੀ ਰਾਜਨੀਤੀ ਵਿਚ ਅਮਰੀਕੀ ਵਿਦੇਸ਼ ਨੀਤੀ ਦੀ ਭੂਮਿਕਾ ਕਿਸ ਧਿਰ ਦੇ ਪੱਖ ਤੇ ਵਿਰੋਧ ਵਿਚ ਭੁਗਤਣ ਵਾਲੀ ਹੈ, ਇਹ ਸਭ ਵਿਚਾਰਨਯੋਗ ਹੈ।

VICTORIA, DUNCAN REP.
JAGMOHAN SINGH
250-701-1025



VANCOUVER REP.
SANDEEP SINGH DHANJU
778-926-9778

WINNIPEG REP.



HARKAMAL SINGH SAGGI
204-997-6144



NARESH SHARMA
204-955-8396

DESH PARDES TIMES.
(Punjabi Newspaper)
Editor/Publisher- Sukhwinder Singh
Place of Publication-Vancouver (B.C)
Email :editor@deshpardes.ca, sales@deshpardes.ca
PHONE : 778-772-1994



CALGARY REP.
DALVIR JALLOWALIA
403-992-1313



INDIA REP.
ANUPINDER SINGH
+91-95016-60036

**ATTENTION FOR READERS** Desh Pardes Times and people associated with it are not responsible for any claims made by the advertisers and do not endorse any product or services advertised in the Desh Pardes Times. Please consult your lawyer before buying/hiring/contracting through the ads. published in this newspaper. Desh Pardes Times is in the business of selling space and the claims made by the advertisements are not tested/confirmed by an independent source. The opinions expressed in the articles and columns are those of the writers, editor or any other staff member of Desh Pardes Times assumes no responsibility of any kind.

# ਐਮ.ਐਲ.ਏ. ਮਨਪ੍ਰੀਤ ਸਿੰਘ ਇਯਾਲੀ ਦਾ ਐਡਮਿੰਟਨ ਵਿਚ ਭਰਵਾਂ ਸਵਾਗਤ







ਗੁਰਦੁਆਰਾ ਸਿੰਘ ਸਭਾ ਵਿਖੇ ਸਨਮਾਨ-ਇਸੇ ਦੌਰਾਨ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਗੁਰਦੁਆਰਾ ਸਿੰਘ ਸਭਾ ਐਡਮਿੰਟਨ ਵਿਖੇ ਕਰਵਾਏ ਗਏ ਸਮਾਗਮ ਵਿਚ ਵੀ ਮਨਪ੍ਰੀਤ ਸਿੰਘ ਇਯਾਲੀ ਨੇ ਹਾਜ਼ਰੀ ਭਰੀ। ਇਸ ਮੌਕੇ ਗੁਰਦੁਆਰਾ ਕਮੇਟੀ ਵਲੋਂ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਐਡਮਿੰਟਨ-ਪੰਜਾਬ ਦੇ ਹਲਕਾ ਦਾਖਾ ਤੋਂ ਅਕਾਲੀ ਐਮ ਐਲ ਏ ਸ ਮਨਪ੍ਰੀਤ ਸਿੰਘ ਇਯਾਲੀ ਦਾ ਐਡਮਿੰਟਨ ਪੁੱਜਣ ਦੇ ਭਰਵਾਂ ਸਵਾਗਤ ਕੀਤਾ ਗਿਆ। ਇਸ ਦੌਰਾਨ ਉਹ ਵਰਲਡ ਫਾਈਨੈਂਸ਼ੀਅਲ ਗਰੁੱਪ ਦੇ ਦਫਤਰ ਵਿਖੇ ਪੁੱਜੇ ਜਿਥੇ ਉਹਨਾਂ ਦਾ ਸ ਗੁਰਭਲਿੰਦਰ ਸਿੰਘ ਸੰਧੂ ਤੇ ਜਸਵਿੰਦਰ ਸਿੰਘ ਢਿੱਲੋਂ ਤੇ ਹੋਰ ਮੈਂਬਰਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਤਸਵੀਰ ਵਿਚ ਉਹਨਾਂ ਨਾਲ ਹਰਦਿਆਲ ਸਿੰਘ ਬੋਪਾਰਾਏ, ਭਗਵੰਤ ਸਿੰਘ ਮਠਾੜੂ, ਜਗਦੀਪ ਸਿੰਘ ਬਾਸ਼ੀ, ਰੌਕੀ ਅਟਵਾਲ ਅਤੇ ਪ੍ਰਿਤਪਾਲ ਸਿੰਘ ਸੇਖੋਂ ਦਿਖਾਈ ਦੇ ਰਹੇ ਹਨ।

## ਕੈਨੇਡਾ ਸਰਕਾਰ ਵਲੋਂ 2023 ਇਕਨਾਮਿਕ ਸਟੇਟਮੈਂਟ ਜਾਰੀ

ਓਟਵਾ-ਡਿਪਟੀ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ 2023 ਫਾਲ ਇਕਨਾਮਿਕ ਸਟੇਟਮੈਂਟ ਦੇ ਹਿੱਸੇ ਵਜੋਂ ਮਜ਼ਬੂਤ ਆਰਥਿਕਤਾ ਕਾਇਮ ਕਰਨ ਲਈ ਸਰਕਾਰ ਦੀ ਆਰਥਿਕ ਯੋਜਨਾ ਜਾਰੀ ਕੀਤੀ ਹੈ ਜਿਹੜੀ ਹਰ ਕਿਸੇ ਲਈ ਕੰਮ ਕਰਦੀ ਹੈ। ਮਹਾਂਮਾਰੀ ਤੋਂ ਪਹਿਲਾਂ ਦੇ ਮੁਕਾਬਲੇ ਅੱਜ 10 ਲੱਖ ਤੋਂ ਵੀ ਜ਼ਿਆਦਾ ਕੈਨੇਡੀਅਨਾਂ ਨੂੰ ਰੋਜ਼ਗਾਰ ਮਿਲਿਆ ਹੋਇਆ ਹੈ। ਮਹਿੰਗਾਈ ਘੱਟ ਰਹੀ ਹੈ, ਮਹਿੰਗਾਈ ਨਾਲੋਂ ਤਨਖਾਹਾਂ ਤੇਜ਼ੀ ਨਾਲ ਵਧੀਆਂ ਹਨ ਅਤੇ ਨਿੱਜੀ ਸੈਕਟਰ ਦੇ ਅਰਥਸ਼ਾਸਤਰੀ ਹੁਣ ਕੈਨੇਡਾ ਦੇ ਮੰਦੀ ਤੋਂ ਬਚਣ ਦੀ ਆਸ ਕਰ ਰਹੇ ਹਨ ਜਿਸ ਦੀ ਕਈਆਂ ਨੇ ਪੇਸ਼ੀਨਗੋਈ ਕੀਤੀ ਸੀ। ਵਿਸ਼ਵ ਭਰ ਵਿਚ ਵਿਆਜ ਦਰਾਂ ਵਿਚ ਤੇਜ਼ੀ ਨਾਲ ਵਾਧੇ ਦੇ ਮੱਦੇਨਜ਼ਰ ਬਹੁਤ ਸਾਰੇ ਕੈਨੇਡੀਅਨ ਤਕਲੀਫ ਮਹਿਸੂਸ ਕਰ ਰਹੇ ਹਨ ਖ਼ਾਸਕਰ ਉਸ ਸਮੇਂ ਜਦੋਂ ਕਿਰਾਏ ਜਾਂ ਮਾਲਕੀ ਲਈ ਕਿਫਾਇਤੀ ਘਰ ਦੀ ਗੱਲ ਆਉਂਦੀ ਹੈ। ਇਸ ਦੇ ਜਵਾਬ ਵਿਚ 2023 ਫਾਲ ਇਕਨਾਮਿਕ ਸਟੇਟਮੈਂਟ ਅੱਜ ਦੀਆਂ ਦੋ ਪ੍ਰਮੁੱਖ ਚੁਣੌਤੀਆਂ 'ਤੇ ਕੇਂਦਰਿਤ ਹੈ। ਸਰਕਾਰ ਕੈਨੇਡੀਅਨਾਂ ਦੀ ਉਸ ਸਮੇਂ ਲਗਾਤਾਰ ਸਹਾਇਤਾ ਕਰ ਰਹੀ ਹੈ ਜਦੋਂ ਕੁਝ ਵਸਤਾਂ ਦੀਆਂ ਕੀਮਤਾਂ ਅਜੇ ਵੀ ਜ਼ਿਆਦਾ ਹੈ ਅਤੇ ਮੌਰਟਗੇਜ਼ ਦੇ ਨਵੀਨੀਕਰਨ ਹੋਣ ਵਾਲੇ ਹਨ। ਕੀਮਤਾਂ ਨੂੰ ਸਥਿਰ ਕਰਨ, ਜਿੰਦਗੀ ਨੂੰ ਹੋਰ ਸੁਖਾਲਾ ਬਣਾਉਣ ਅਤੇ ਮੌਰਟਗੇਜਾਂ ਨਾਲ ਕੈਨੇਡੀਅਨਾਂ ਦਾ ਬਚਾਅ ਕਰਨ ਦੇ ਨਵੇਂ ਉਪਾਵਾਂ ਨਾਲ ਸਰਕਾਰ ਕੈਨੇਡਾ ਵਾਸੀਆਂ ਦੀ ਸਹਾਇਤਾ ਲਈ ਠੋਸ ਕਾਰਵਾਈ ਕਰ ਰਹੀ ਹੈ। ਇਸ ਵਿਚ ਕੈਨੇਡੀਅਨਾਂ ਦੀ ਉਸ ਸਮੇਂ ਮੌਰਟਗੇਜ ਰਾਹਤ ਤਕ ਪਹੁੰਚ ਨੂੰ ਯਕੀਨੀ ਬਣਾਉਣਾ ਹੈ ਜਦੋਂ ਉੱਚ ਵਿਆਜ ਦਰਾਂ ਕਾਰਨ ਉਨ੍ਹਾਂ ਨੂੰ ਇਸ ਦੀ ਲੋੜ ਹੈ।

## ਆਨਲਾਈਨ ਜਿਣਸੀ ਸੋਸ਼ਣ ਪਿੱਛੋਂ 12 ਸਾਲਾ ਬੱਚੇ ਨੇ ਕੀਤੀ ਸੀ ਖੁਦਕੁਸ਼ੀ

ਪ੍ਰਿੰਸ ਜੌਰਜ-ਆਨਲਾਈਨ ਜਿਣਸੀ ਸੋਸ਼ਣ ਕਾਰਨ ਅਕਤੂਬਰ ਮਹੀਨੇ 12 ਸਾਲਾ ਬੱਚੇ ਵਲੋਂ ਖੁਦਕੁਸ਼ੀ ਕਰਨ ਪਿੱਛੋਂ ਬੱਚੇ ਕਾਰਸਨ ਕਲੇਲੈਂਡ ਦੇ ਮਾਪਿਆਂ ਅਤੇ ਉਨ੍ਹਾਂ ਦੀ ਸਥਾਨਕ ਪ੍ਰਿੰਸ ਜੌਰਜ ਆਰਸੀਐਮਪੀ ਡਿਟੈਚਮੈਂਟ ਕੈਨੇਡੀਅਨਾਂ ਨੂੰ ਚਿਤਾਵਨੀ ਦੇ ਰਹੇ ਹਨ ਕਿ ਉਹ ਆਪਣੇ ਬੱਚਿਆਂ ਨਾਲ ਸੋਸ਼ਲ ਮੀਡੀਆ ਆਦਤਾਂ ਬਾਰੇ ਗੱਲਬਾਤ ਕਰਨ। ਨਕੋਲਾ ਸਮਿਥ ਨੇ ਸੀਕੇਪੀਜੀ ਟੈਲੀਵੀਜ਼ਨ ਸਟੇਸ਼ਨ ਨੂੰ ਦੱਸਿਆ ਕਿ ਉਸ ਦਾ ਤੇ ਰਿਆਨ ਕਲੇਲੈਂਡ ਦਾ ਆਪਣੇ ਪੁੱਤਰ ਨਾਲ ਵਧੀਆ ਰਿਸ਼ਤਾ ਸੀ ਜਿਹੜਾ ਅਕਸਰ ਪਲੇਟਫਾਰਮ ਸਨੈਪਚੈਟ ਦੀ ਵਰਤੋਂ ਕਰਦਾ ਸੀ ਪਰ ਉਨ੍ਹਾਂ ਨੂੰ ਆਪਣੇ ਪੁੱਤਰ ਬਾਰੇ ਇਹ ਸਮਝਣ ਲਈ ਜ਼ਿਆਦਾ ਕੁਝ ਕਰਨਾ ਚਾਹੀਦਾ ਸੀ ਕਿ ਉਹ ਕੀ ਕਰ ਰਿਹਾ ਹੈ। ਆਪਣੇ ਬੱਚਿਆਂ ਨਾਲ ਬੱਚਿਆਂ ਦੇ ਸ਼ਿਕਾਰੀਆਂ ਅਤੇ ਜੋ ਕੁਝ ਵਾਪਰ ਰਿਹਾ ਹੈ ਅਤੇ ਆਨਲਾਈਨ ਸੁਰੱਖਿਅਤ ਰਹਿਣ ਬਾਰੇ ਗੱਲਬਾਤ ਕਰੋ। ਕਲੇਲੈਂਡ ਨੇ ਦੱਸਿਆ ਕਿ ਜੋ ਕੁਝ ਉਨ੍ਹਾਂ ਦੇ ਪੁੱਤਰ ਨਾਲ ਵਾਪਰਿਆ ਹੈ ਉਹ ਉਸ ਨਾਲ ਨਜਿੱਠਣ ਵਿਚ ਅਸਮਰਥ ਰਿਹਾ ਸੀ। ਪੁਲਿਸ ਨੇ ਇਸ ਹਫ਼ਤੇ ਇਕ ਬਿਆਨ ਵਿਚ ਦੱਸਿਆ ਕਿ ਅਧਿਕਾਰੀ 12 ਅਕਤੂਬਰ ਨੂੰ ਲੜਕੇ ਦੇ ਘਰ ਗਏ ਸੀ ਅਤੇ ਦੇਖਿਆ ਕਿ ਉਸ ਦੀ ਧੌਣ 'ਤੇ ਗੋਲੀ ਲੱਗੀ ਹੋਈ ਸੀ। ਉਨ੍ਹਾਂ ਵਲੋਂ ਕੀਤੀ ਜਾਂਚ ਦੌਰਾਨ ਬਾਅਦ ਵਿਚ ਪਤਾ ਲੱਗਾ ਕਿ ਉਸ ਨੇ ਸੈਕਸਟੋਰਸ਼ਨ ਦੇ ਸਿੱਟੇ ਵਜੋਂ ਆਪਣੇ ਆਪ ਨੂੰ ਖਤਮ ਕਰ ਲਿਆ ਹੈ। ਸੈਕਸਟੌਰਸ਼ਨ ਬਲੈਕਮੇਲ ਕਰਨ ਦਾ ਇਹ ਰੂਪ ਹੈ ਜਿਸ ਵਿਚ ਵਿਅਕਤੀ ਦੇ ਆਨਲਾਈਨ ਜਿਣਸੀ ਰਵੱਈਏ ਜਿਸ ਵਿਚ ਤਸਵੀਰਾਂ ਤੇ ਵੀਡੀਓ ਜਿਹੜੀਆਂ ਧੋਖੇ ਨਾਲ ਹਾਸਲ ਕੀਤੀਆਂ ਜਾਂਦੀਆਂ ਹਨ ਦਾ ਖੁਲਾਸਾ ਕਰਨ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਜਾਂਚ ਅਧਿਕਾਰੀ ਮਾਮਲੇ ਵਿਚ ਸ਼ੱਕੀ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

## ਸਰੀ-ਲੈਂਗਲੀ ਸਕਾਈਟਰੇਨ ਦੇ 8 ਸਟੇਸ਼ਨਾਂ ਦੇ ਨਾਵਾਂ ਦਾ ਰਸਮੀ ਐਲਾਨ

[ਸਫ਼ਾ 1 ਦੀ ਬਾਕੀ]







ਗਿਆ ਸੀ ਪਰ ਹੁਣ ਇਹ ਪ੍ਰਾਜੈਕਟ ਇਕ ਵਾਰ ਵਿਚ ਹੀ ਮੁਕੰਮਲ ਕੀਤਾ ਜਾਵੇਗਾ ਜਿਸ ਨਾਲ 500 ਮਿਲੀਅਨ ਡਾਲਰ ਦਾ ਬਚਤ ਹੋਵੇਗੀ। ਇਸ ਮੌਕੇ ਟਰਾਂਸਲਿੰਕ ਦੇ ਸੀਈਓ ਕੇਵਿਨ ਕੁਇਨ ਨੇ ਕਿਹਾ ਕਿ ਸਰੀ ਤੋਂ ਲੈਂਗਲੀ ਤੱਕ ਇਹ 16-ਕਿਲੋਮੀਟਰ ਦਾ ਵਾਧਾ ਪਿਛਲੇ 30 ਸਾਲਾਂ ਵਿੱਚ ਫਰੇਜ਼ਰ ਰਿਵਰ ਦੱਖਣ ਵਿੱਚ ਪਹਿਲਾ ਮਹੱਤਵਪੂਰਨ ਆਵਾਜਾਈ ਪ੍ਰੋਜੈਕਟ ਹੈ। ਇਸ ਪ੍ਰਾਜੈਕਟ ਦੇ ਮੁਕੰਮਲ ਹੋਣ ਨਾਲ ਲੋਕ ਲੈਂਗਲੀ ਤੋਂ ਵੈਨਕੂਵਰ ਦਾ ਸਫਰ ਕੇਵਲ ਇਕ ਘੰਟੇ ਵਿਚ ਕਰ ਸਕਣਗੇ। ਇਸ ਮੌਕੇ ਸਰੀ ਦੀ ਮੇਅਰ ਬਰੈਂਡਾ ਲੌਕ, ਲੈਂਗਲੀ ਸਿਟੀ ਮੇਅਰ ਨਾਥਨ ਪਾਚਲ, ਲੈਂਗਲੀ ਟਾਉਨਸ਼ਿਪ ਮੇਅਰ ਐਰਿਕ ਵੁੱਡਵਾਰਡ, ਸਿਟੀ ਸੈਂਟਰ ਤੋਂ ਐਮ ਪੀ ਰਣਦੀਪ ਸਿੰਘ ਸਰਾਏ, ਫਲੀਟਵੁੱਡ ਤੋਂ ਐਮ ਪੀ ਕੈਨ ਹਾਰਡੀ, ਕਲੋਵਰਡੇਲ-ਲੈਂਗਲੀ ਐਮ ਪੀ ਜੌਹਨ ਐਲਡਗ, ਐਮ ਐਲ ਏ ਜਗਰੂਪ ਬਰਾੜ, ਸਰੀ ਬਿਜਨੈਸ ਐਸੋਸੀਏਸ਼ਨ ਦੀ ਚੇਅਰਪਰਸਨ ਸਮਝ ਦਿਆਲ ਤੇ ਕਈ ਹੋਰ ਸ਼ਖਸੀਅਤਾਂ ਹਾਜ਼ਰ ਸਨ।

ਸਕਾਈਟਰੇਨ ਦੇ ਨਵੇਂ ਸਟੇਸ਼ਨ ਦੇ ਨਾਮ ਇਸ ਪ੍ਰਕਾਰ ਹੋਣਗੇ-

ਗ੍ਰੀਨ ਟਿੰਬਰਜ਼ ਸਟੇਸ਼ਨ (140ਵੀਂ ਸਟਰੀਟ ਅਤੇ ਫਰੇਜ਼ਰ ਹਾਈਵੇ)

152 ਸਟਰੀਟ ਸਟੇਸ਼ਨ (152 ਵੀਂ ਸਟ੍ਰੀਟ ਅਤੇ ਫਰੇਜ਼ਰ ਹਾਈਵੇ)

ਫਲੀਟਵੁੱਡ ਸਟੇਸ਼ਨ (160ਵੀਂ ਸਟਰੀਟ ਅਤੇ ਫਰੇਜ਼ਰ ਹਾਈਵੇਅ)

ਬੇਕਰਵਿਊ-166 ਸਟਰੀਟ ਸਟੇਸ਼ਨ (166ਵੀਂ ਸਟਰੀਟ ਅਤੇ ਫਰੇਜ਼ਰ ਹਾਈਵੇ)

ਹਿਲਕ੍ਰੈਸਟ-184 ਸਟਰੀਟ ਸਟੇਸ਼ਨ (184ਵੀਂ ਸਟਰੀਟ ਅਤੇ ਫਰੇਜ਼ਰ ਹਾਈਵੇ)

ਕਲੇਟਨ ਸਟੇਸ਼ਨ (190ਵੀਂ ਸਟਰੀਟ ਅਤੇ ਫਰੇਜ਼ਰ ਹਾਈਵੇਅ)

ਵਿਲੋਬਰੂਕ ਸਟੇਸ਼ਨ (196ਵੀਂ ਸਟਰੀਟ ਅਤੇ ਫਰੇਜ਼ਰ ਹਾਈਵੇਅ)

ਲੈਂਗਲੇ ਸਿਟੀ ਸੈਂਟਰ ਸਟੇਸ਼ਨ (203 ਸਟਰੀਟ ਅਤੇ ਫਰੇਜ਼ਰ ਹਾਈਵੇ)

## ਪੰਜਾਬੀ ਨੌਜਵਾਨ ਮੱਲ੍ਹੀ ਤੇ ਕੰਗ ਦੇ ਕਤਲ ਲਈ ਸ਼ੂਟਰ ਟਾਇਰਲ ਦੋਸ਼ੀ ਕਰਾਰ

### ਸਜ਼ਾ 8 ਦਸੰਬਰ ਨੂੰ ਸੁਣਾਈ ਜਾਵੇਗੀ

ਸਰੀ-ਇਥੋਂ ਦੇ ਇਕ ਵਿਅਕਤੀ ਨੂੰ ਸਰੀ ਦੇ ਇਕ ਗੈਂਗਸਟਰ ਅਤੇ ਐਬਟਸਫੋਰਡ ਦੇ ਇਕ ਨਿਰਦੋਸ਼ ਵਿਅਕਤੀ ਦਾ ਕਤਲ ਕਰਨ ਅਤੇ ਦੋ ਹੋਰਨਾਂ ਦੀ ਜਾਨ ਲੈਣ ਦੀ ਕੋਸ਼ਿਸ਼ ਕਰਨ ਲਈ ਦੋਸ਼ੀ ਪਾਇਆ ਗਿਆ ਹੈ। 24 ਸਾਲਾ ਸ਼ੂਟਰ ਟਾਇਰਲ ਨਗੁਏਨ ਨੂੰ 27 ਸਾਲਾ ਰੈਡੀ ਕੰਗ ਦਾ 27 ਅਕਤੂਬਰ 2017 ਅਤੇ ਐਬਟਸਫੋਰਡ ਦੇ ਵਾਸੀ 19 ਸਾਲਾ ਜਗਵੀਰ ਮੱਲ੍ਹੀ ਦਾ 12 ਨਵੰਬਰ 2018 ਨੂੰ ਫਸਟ ਡਿਗਰੀ ਕਤਲ ਕਰਨ ਲਈ ਦੋਸ਼ੀ ਪਾਇਆ ਗਿਆ ਹੈ। ਨਗੁਏਨ ਕੰਗ ਦੇ ਭਰਾ ਗੈਰੀ ਅਤੇ ਕੰਗ ਭਰਾਵਾਂ ਦੇ ਸਾਥੀ ਕੈਮਿਲੋ ਅਲੋਂਸੋ ਨੂੰ 27 ਅਕਤੂਬਰ 2017 ਨੂੰ ਮਾਰਨ ਦੀ ਕੋਸ਼ਿਸ਼ ਕਰਨ ਲਈ ਵੀ ਦੋਸ਼ੀ ਪਾਇਆ ਗਿਆ ਹੈ। ਜਸਟਿਸ ਮਿਰੀਅਮ ਗ੍ਰੋਪਰ ਨੇ ਵੈਨਕੂਵਰ ਵਿਚ ਬੀਸੀ ਦੀ ਸੁਪਰੀਮ ਕੋਰਟ ਵਿਚ ਆਪਣਾ ਫ਼ੈਸਲਾ ਜਾਰੀ ਕੀਤਾ। ਫਸਟ ਡਿਗਰੀ ਕਤਲ ਵਿਚ ਸਜ਼ਾ ਦਾ ਮਤਲਬ 25 ਸਾਲ ਤੱਕ ਪੈਰੋਲ ਤੋਂ ਬਿਨ੍ਹਾਂ ਆਟੋਮੈਟਿਕ ਉਮਰ ਕੈਦ ਹੁੰਦੀ ਹੈ ਪਰ ਇਸ ਮਾਮਲੇ ਤੇ ਹੋਰ ਦੋਸ਼ਾਂ ਵਿਚ 8 ਦਸੰਬਰ ਨੂੰ ਸਜ਼ਾ ਸੁਣਾਈ ਜਾਵੇਗੀ। ਅਦਾਲਤ ਨੂੰ ਦੱਸਿਆ ਗਿਆ ਸੀ ਕਿ ਨਗੁਏਨ ਬਰਦਰਜ਼ ਕੀਮਰਜ਼ ਦਾ ਮੈਂਬਰ ਹੈ ਜਿਸ ਦੀ ਅਗਵਾਈ ਗੈਵਿਨ ਗਰੇਵਾਲ ਕਰਦਾ ਸੀ ਜਿਹੜਾ ਦਸੰਬਰ 2017 ਵਿਚ ਨੌਰਥ ਵੈਨਕੂਵਰ ਵਿਚ ਮਾਰਿਆ ਗਿਆ ਸੀ। ਉਨ੍ਹਾਂ ਦੇ ਵਿਰੋਧੀ ਜੈਮੀ ਬੈਕਨ ਦੀ ਅਗਵਾਈ ਵਾਲੇ ਰੈਡ ਸਕੌਰਪੀਓਨਜ਼ ਸਨ। ਕਰਾਊਨ ਦਾ ਬਹੁਤਾ ਮਾਮਲਾ ਇਕ ਪੁਲਿਸ ਏਜੰਟ 'ਤੇ ਆਧਾਰਤ ਹੈ ਜਿਸ ਦਾ ਨਾਂਅ ਪ੍ਰਕਾਸ਼ਨ ਪਾਬੰਦੀ ਤਹਿਤ ਸੁਰੱਖਿਅਤ ਹੈ। ਮੁਕੱਦਮੇ ਦੀ ਸੁਣਵਾਈ ਦੌਰਾਨ ਇਕ ਹੋਰ ਸੰਗੀਤ ਵੀਡੀਓ ਪੇਸ਼ ਕੀਤਾ ਗਿਆ ਜਿਹੜਾ ਨਗੁਏਨ ਨੇ ਬਣਾਇਆ ਸੀ ਅਤੇ ਵੀਡੀਓ ਗਰੇਵਾਲ ਨੂੰ ਸ਼ਰਧਾਂਜਲੀ ਵਜੋਂ ਯੂਟਿਊਬ 'ਤੇ ਪਾਈ ਸੀ ਅਤੇ ਕਿਹਾ ਸੀ ਕਿ ਕੰਗ ਦਾ ਕਤਲ ਬਦਲੇ ਦੀ ਕਾਰਵਾਈ ਹੈ।









# ਸਰੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਏ

ਸਰੀ (ਮਹੇਸ਼ਇੰਦਰ ਸਿੰਘ ਮਾਂਗਟ) –ਬੀਤੇ ਦਿਨ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਏ ਗਏ। ਰਾਗੀ ਸਿੰਘਾਂ ਤੇ ਢਾਡੀ ਜੱਥਿਆ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਜੀਵਨ ਦੇ ਪ੍ਰਸੰਗਾਂ ਦਾ ਵਿਖਿਆਨ ਕੀਤਾ ਗਿਆ। ਸਕੂਲੀ ਬੱਚਿਆਂ ਵੱਲੋਂ ਗੱਤਕੇ ਜੌਹਰ ਦਿਖਾਏ ਗਏ। ਸੰਗਤਾਂ ਵੱਲੋ ਨਗਰ ਕੀਰਤਨ ਦੇ ਵੱਖ ਵੱਖ ਪੜਾਵਾਂ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸੰਗਤਾਂ ਵਲੋਂ ਸੇਵਾ ਭਾਵ ਤਹਿਤ ਕਈ ਤਰਾਂ ਦੇ ਪਕਵਾਨਾਂ ਦੇ ਸਟਾਲ ਲਗਾਏ ਗਏ ਸਨ। ਨਗਰ ਕੀਰਤਨ ਦੌਰਾਨ ਸਿਆਸੀ, ਧਾਰਮਿਕ ਤੇ ਸਮਾਜਿਕ ਆਗੂਆਂ ਨੇ ਵੀ ਹਾਜ਼ਰੀ ਭਰੀ ਤੇ ਸੰਗਤਾਂ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਮੁੱਖ ਪ੍ਰਬੰਧਕ ਗਿਆਨੀ ਨਰਿੰਦਰ ਸਿੰਘ ਨੇ ਸੰਗਤਾਂ ਵਲੋਂ ਵਧ ਚੜ੍ਹਕੇ ਨਗਰ ਕੀਰਤਨ ਵਿਚ ਸ਼ਮੂਲੀਅਤ ਕਰਨ ਲਈ ਧੰਨਵਾਦ ਕੀਤਾ।

























# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ





ਐਬਸਫੋਰਡ- ਬੀਤੇ ਦਿਨ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਿੱਖ ਸੰਗਤਾਂ ਵਲੋਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਗੁਰੂ ਘਰਾਂ ਵਿਚ ਸ੍ਰੀ ਆਖੰਡ ਪਾਠ ਦੇ ਭੋਗ ਪਾਏ ਗਏ ਤੇ ਸਾਰਾ ਦਿਨ ਕੀਰਤਨ ਤੇ ਦੀਵਾਨ ਸਜਾਏ ਗਏ। ਐਬਸਫੋਰਡ ਵਿਖੇ ਖਾਲਸਾ ਦੀਵਾਨ ਸੁਸਾਇਟੀ, ਬਾਬਾ ਬੰਦਾ ਸਿੰਘ ਬਹਾਦਰ ਗੁਰਦੁਆਰਾ ਸੁਸਾਇਟੀ ਅਤੇ ਕਲਗੀਧਰ ਦਰਬਾਰ ਵਿਖੇ ਭਾਰੀ ਗਿਣਤੀ ਵਿਚ ਸੰਗਤਾਂ ਨੇ ਮੱਥਾ ਟੇਕਿਆ ਤੇ ਗੁਰੂ ਘਰਾਂ ਦੇ ਅੰਦਰ ਦੀਪਮਾਲਾ ਕੀਤੀ ਗਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਕੰਸਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਵਰ, ਐਨ ਡੀ ਪੀ ਆਗੂ ਜਗਮੀਤ ਸਿੰਘ, ਬੀ ਸੀ ਦੇ ਪ੍ਰੀਮੀਅਰ ਡੇਵਿਡ ਈਬੀ ਤੇ ਹੋਰ ਸ਼ਖਸੀਅਤਾਂ ਨੇ ਸਿੱਖ ਸੰਗਤਾਂ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ।

## ਨਿਆਗਰਾ ਫਾਲਜ਼ ਸਰਹੱਦ ’ਤੇ ਦੁਰਘਟਨਾ ਵਿਚ ਮਾਰੇ ਗਏ ਜੋੜੇ ਦੀ ਪਛਾਣ

ਟੋਰਾਂਟੋ-ਇਕ ਲਗਜ਼ਰੀ ਕਾਰ ਨੂੰ ਨਿਆਗਰਾ ਫਾਲਜ਼ ਵਿਚ ਸਰਹੱਦੀ ਚੈੱਕ ਪੁਆਇੰਟ ਨੂੰ ਟੱਕਰ ਮਾਰਨ ਪਿੱਛੋਂ ਧਮਾਕੇ ਨਾਲ ਅੱਗ ਲੱਗ ਗਈ ਜਿਸ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਸੀ। ਦੋਵਾਂ ਦੀ ਪਛਾਣ ਵੈਸਟਰਨ ਨਿਊਯਾਰਕ ਦੇ ਵਾਸੀ ਪਤੀ ਤੇ ਪਤਨੀ ਵਜੋਂ ਹੋਈ ਜਿਨ੍ਹਾਂ ਦਾ ਬਫੇਲੋ ਵਿਚ ਲੱਕੜੀ ਦਾ ਆਪਣਾ ਕਾਰੋਬਾਰ ਹੈ ਅਤੇ ਕਈ ਹਾਰਡਵੇਅਰ ਸਟੋਰ ਹਨ। ਨਿਆਗਰਾ ਫਾਲਜ਼ ਪੁਲਿਸ ਚੀਫ਼ ਜੌਹਨ ਫਾਸੋ ਨੇ ਦੱਸਿਆ ਕਿ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ 2022 ਬੈਂਟਲੇ ਫਲਾਇੰਗ ਸਪੁਰ ਦੇ ਚੌਰਾਹੇ ਵਿਚ ਤੇਜ਼ ਹੋਣ ਅਤੇ ਚੈੱਕ ਪੁਆਇੰਟ ਨਾਲ ਟਕਰਾ ਕੇ ਹਵਾ ਵਿਚ ਉਛਲਣ ਦਾ ਕੀ ਕਾਰਨ ਸੀ। ਜਾਂਚ ਅਧਿਕਾਰੀ ਇਹ ਦੇਖ ਰਹੇ ਹਨ ਕਿ ਕੀ ਇਸ ਦੁਰਘਟਨਾ ਦਾ ਕਾਰਨ ਮੈਡੀਕਲ ਜਾਂ ਮਕੈਨੀਕਲ ਮੁੱਦੇ ਸਨ। ਕਾਰ ਰੇਨਬੋ ਬਰਿਜ ਵਿਖੇ ਸੁਰੱਖਿਆ ਬੂਥਾਂ ਦੀ ਕਤਾਰ ਨਾਲ ਟਕਰਾ ਗਈ ਅਤੇ ਅੱਗ ਦੀ ਲਪੇਟ ਵਿਚ ਆ ਗਈ। ਪੁਲਿਸ ਨੇ ਜੋੜੇ ਦੀ ਪਛਾਣ ਕੁਰਟ ਪੀ ਵਿਲਾਨੀ ਅਤੇ ਮੋਨਿਕਾ ਵਿਲਾਨੀ ਵਜੋਂ ਕੀਤੀ ਹੈ।

## ਕੈਨੇਡਾ ਵਿਚ ਇਕ ਵਿਸ਼ੇਸ਼ ਵਰਗ ਦੇ ਖ਼ੂਨਦਾਨੀਆਂ ਤੇ ਲੱਗੀ ਪਾਬੰਦੀ ਹਟਾਈ

ਓਟਵਾ-ਹੈਲਥ ਕੈਨੇਡਾ ਨੇ ਉਨ੍ਹਾਂ ਲੋਕਾਂ ਨੂੰ ਖਾਨਦਾਨ ਕਰਨ ’ਤੇ ਲਗਾਈ ਪਾਬੰਦੀ ਚੁੱਕਣ ਦੀ ਮਨਜ਼ੂਰੀ ਦਿੱਤੀ ਹੈ ਜਿਹੜੇ 1980 ਅਤੇ 1990 ਦੇ ਦਹਾਕਿਆਂ ਦੇ ਸਮੇਂ ਦੌਰਾਨ ਯੂਕੇ ਜਾਂ ਆਇਰਲੈਂਡ ਜਾਂ ਫਰਾਂਸ ਰਹਿੰਦੇ ਰਹੇ ਜਾਂ ਉਥੋਂ ਦੀ ਯਾਤਰਾ ਕੀਤੀ ਸੀ। ਬੋਵਾਈਨ ਸਪੌਂਜੀਫਾਰਮ ਇਨਸਫੈਲੋਪੈਥੀ ਜਾਂ ਮੈਡ ਕਾਉ ਰੋਗ ਦੇ ਮਨੁੱਖ ਰੂਪ ਕ੍ਰਟਜ਼ਫੀਲਜ਼ ਜੈਕਬ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਕਈ ਦੇਸ਼ਾਂ ਵਿਚ ਖ਼ੂਨ ਏਜੰਸੀਆਂ ਨੇ ਦੋ ਦਹਾਕੇ ਪਹਿਲਾਂ ਪਾਬੰਦੀ ਲਾਗੂ ਕੀਤੀ ਸੀ। ਕੈਨੇਡੀਅਨ ਬਲੱਡ ਸਰਵਸਿਜ਼ ਦੀ ਮੈਡੀਕਲ ਅਫਸਰ ਡਾਕਟਰ ਅਦਿਤੀ ਖੰਡੇਲਵਾਲ ਨੇ ਕਿਹਾ ਕਿ ਲਗਪਗ 30 ਸਾਲਾਂ ਦੀ ਖੋਜ ਤੇ ਨਿਗਰਾਨੀ ਨਾਲ ਇਹ ਸਪਸ਼ਟ ਹੋ ਗਿਆ ਹੈ ਕਿ ਜਿਹੜੇ ਲੋਕ ਪਹਿਲਾਂ ਯਾਤਰਾ ਮਾਪਦੰਡ ਤਹਿਤ ਖ਼ੂਨ ਦਾਨ ਕਰਨ ਦੇ ਯੋਗ ਨਹੀਂ ਸਨ ਹੁਣ ਉਹ ਸੁਰੱਖਿਅਤ ਢੰਗ ਨਾਲ ਖ਼ੂਨ ਦਾਨ ਕਰ ਸਕਦੇ ਹਨ। ਖੰਡੇਲਵਾਲ ਨੇ ਦੱਸਿਆ ਕਿ ਮਾਪਦੰਡ ਹਟਾ ਕੇ ਅਸੀ ਖ਼ੂਨ ਸਪਲਾਈ ਦੀ ਸੁਰੱਖਿਆ ਨੂੰ ਪ੍ਰਭਾਵਤ ਨਹੀਂ ਕਰਾਂਗੇ।

## ਐਮ ਪੀ ਹਾਰਡੀ ਨੇ ਵਿੰਨੀਪੈਗ ਗੋਲੀਬਾਰੀ ਨਾਲ ਪੋਲੀਵਰ ਨੂੰ ਜੋੜਨ ਲਈ ਮੁਆਫੀ ਮੰਗੀ

ਓਟਵਾ-ਲਿਬਰਲ ਐਮ ਪੀ ਕੈਨ ਹਾਰਡੀ ਨੇ ਸੋਸ਼ਲ ਮੀਡੀਆ ’ਤੇ ਪਾਈ ਇਕ ਪੋਸਟ ਲਈ ਮੁਆਫੀ ਮੰਗੀ ਹੈ ਜਿਸ ਵਿਚ ਸਵਾਲ ਕੀਤਾ ਗਿਆ ਸੀ ਕਿ ਕੀ ਕੰਸਰਵੇਟਿਵ ਨੇਤਾ ਪੀਅਰ ਪੋਲੀਵਰ ਅਤੇ ਮੈਨੀਟੋਬਾ ਵਿਚ ਹੋਈ ਗੋਲੀਬਾਰੀ ਵਿਚਕਾਰ ਕੋਈ ਸਬੰਧ ਹੈ ਜਾਂ ਨਹੀਂ। ਕੇਨ ਹਾਰਡੀ ਨੇ ਪਹਿਲਾਂ ਤਾਂ ਕੈਨੇਡੀਅਨ ਪ੍ਰੈਸ ਨੂੰ ਕਿਹਾ ਕਿ ਉਹ ਆਪਣੀ ਪੋਸਟ ਨਾਲ ਖੜਾ ਹੈ ਅਤੇ ਕੋਈ ਮੁਆਫੀ ਨਹੀਂ ਮੰਗੇਗਾ ਪਰ ਉਸ ਨੇ ਮੰਨਿਆਂ ਕਿ ਇਹੀ ਗੱਲ ਰੱਖਣ ਲਈ ਉਹ ਬਿਹਤਰ ਉਦਾਹਰਣ ਦੀ ਵਰਤੋਂ ਕਰ ਸਕਦਾ ਸੀ। ਕੁਝ ਘੰਟੇ ਬਾਅਦ ਉਸ ਨੇ ਸਰਕਾਰੀ ਹਾਊਸ ਲੀਡਰ ਕਰੀਨਾ ਗੋਲਡ ਨਾਲ ਮੀਟਿੰਗ ਪਿੱਛੋਂ ਆਪਣੀ ਟਿਊਨ ਬਦਲ ਲਈ। ਆਪਣੀ ਗੱਲਬਾਤ ਪਿੱਛੋਂ ਹਾਰਡੀ ਨੇ ਕਿਹਾ ਕਿ ਉਸ ਨੂੰ ਅਹਿਸਾਸ ਹੋਇਆ ਕਿ ਉਸ ਦੀ ਪੋਸਟ ਅਢੁਕਵੀਂ ਸੀ ਅਤੇ ਅੱਗੇ ਕਿਹਾ ਕਿ ਪੋਲੀਵਰ ਤੇ ਵਿੰਨੀਪੈਗ ਗੋਲੀਬਾਰੀ ਵਿਚਕਾਰ ਕੋਈ ਸਬੰਧ ਨਹੀਂ।

## ਡਾਊਨਟਾਊਨ ਵਿੰਨੀਪੈਗ ਵਿਚ ਗੋਲੀਬਾਰੀ ਦੌਰਾਨ ਦੋ ਭੈਣਾਂ ਸਮੇਤ ਚਾਰ ਵਿਅਕਤੀਆਂ ਦੀ ਮੌਤ

ਵਿੰਨੀਪੈਗ-ਵੀਕਐਂਡ ’ਤੇ ਡਾਊਨਟਾਊਨ ਵਿੰਨੀਪੈਗ ਵਿਚ ਗੋਲੀਬਾਰੀ ਦੌਰਾਨ ਦੋ ਭੈਣਾਂ ਸਮੇਤ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਅਧਿਕਾਰੀਆਂ ਨੂੰ ਐਤਵਾਰ ਸ਼ਾਮ ਚਾਰ ਵਜੇ ਤੋਂ ਥੋੜੀ ਦੇਰ ਬਾਅਦ ਇਕ ਘਰ ਵਿਚ ਸੱਦਿਆ ਗਿਆ ਸੀ ਜਿਥੇ ਉਨ੍ਹਾਂ ਨੂੰ ਪੰਜ ਵਿਅਕਤੀ ਜ਼ਖ਼ਮੀ ਹਾਲਤ ਵਿਚ ਮਿਲੇ। ਇਕ ਮਰਦ ਅਤੇ ਇਕ ਔਰਤ ਨੂੰ ਮੌਕੇ ’ਤੇ ਮ੍ਰਿਤਕ ਐਲਾਨਿਆਂ ਗਿਆ ਅਤੇ ਇਕ ਹੋਰ ਵਿਅਕਤੀ ਦੀ ਹਸਪਤਾਲ ਵਿਚ ਮੌਤ ਹੋ ਗਈ। ਪੁਲਿਸ ਨੇ ਸੋਮਵਾਰ ਇਕ ਹੋਰ ਔਰਤ ਦੀ ਮੌਤ ਹੋ ਜਾਣ ਦਾ ਐਲਾਨ ਕੀਤਾ ਅਤੇ 55 ਸਾਲ ਦਾ ਪੰਜਵਾਂ ਵਿਅਕਤੀ ਗੰਭੀਰ ਹਾਲਤ ਵਿਚ ਹਸਪਤਾਲ ਵਿਚ ਦਾਖਲ ਹੈ। ਪੁਲਿਸ ਨੇ ਮ੍ਰਿਤਕਾਂ ਦੀ ਪਛਾਣ 34 ਸਾਲਾ ਕ੍ਰਿਸਟਲ ਬੀਅਰਡੀ, ਉਸ ਦੀ 33 ਸਾਲਾ ਭੈਣ ਸਟੈਫਨੀ ਬੀਅਰਡੀ, 29 ਸਾਲਾ ਮੇਲੇਲੇਕਲੇਸਿਕਲ ਅਤੇ 41 ਸਾਲਾ ਡਾਇਲਨ ਲਵੇਲੀ ਵਜੋਂ ਕੀਤੀ ਹੈ। ਦੋਵੇਂ ਭੈਣਾਂ ਵਿਨੀਪੈਗ ਵਿਚ ਲੇਕ ਸੈਂਟ ਮਾਰਟਿਨ ਫਸਟ ਨੇਸ਼ਨ ਨਾਲ ਸਬੰਧਤ ਸਨ। ਇਨ੍ਹਾਂ ਕਤਲਾਂ ਦੇ ਸਬੰਧ ਵਿਚ ਅਜੇ ਤਕ ਕੋਈ ਗ੍ਰਿਫਤਾਰੀ ਨਹੀਂ ਹੋਈ। ਇਸ ਮਾਮਲੇ ਵਿਚ ਪੁਲਿਸ ਲੋਕਾਂ ਤੋ ਮਦਦ ਮੰਗ ਰਹੀ ਹੈ।




# ਸਕੂਲੀ ਬੱਚਿਆਂ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਫ਼ਿਲਮ ਵਿਖਾਈ

ਸਰੀ (ਹੇਮ ਰਾਜ ਬੱਬਰ, ਰਜਨੀਸ਼ ਬਾਂਸਲ)-ਕੈਨੇਡਾ ਦੇ ਲੈਂਗਲੀ ਇਲਾਕੇ ਦੇ ਰਹਿਣ ਵਾਲੇ ਉੱਘੇ ਫਿਲਮ ਪ੍ਰੋਡਿਊਸਰ ਅੰਮ੍ਰਿਤ ਸਰਾਭਾ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਤੇ ਅਧਾਰਿਤ ਇਤਿਹਾਸਿਕ ਪੰਜਾਬੀ ਫਿਲਮ ਸਰਾਭਾ ਹਰ ਪਾਸੇ ਜਿੱਥੇ ਬਹੁਤ ਚੰਗਾ ਨਿਮਾਣਾ ਖੱਟ ਰਹੀ ਹੈ,ਉਥੇ ਹੀ ਹੁਣ ਕੈਨੇਡਾ ਦੇ ਸਰਕਾਰੀ ਸਕੂਲਾਂ ਨੇ ਵੀ ਇਹ ਫਿਲਮ ਆਪਣੇ ਸਕੂਲ ਦੇ ਬੱਚਿਆਂ ਨੂੰ ਦਿਖਾ ਕੇ ਉਨਾਂ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਵਲੋਂ ਦਿੱਤੀ ਛੋਟੀ ਉਮਰ ਦੀ ਕੁਰਬਾਨੀ ਦਾ ਮਹੱਤਵ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ।ਇਸੇ ਲੜੀ ਵਿਚ ਅੱਜ ਸਰੀ ਸ਼ਹਿਰ ਦੇ ਲੈਂਡਮਾਰਕ ਸਿਨੇਮਾ ਵਿਚ ਵੀ 200 ਬੱਚਿਆਂ ਨੂੰ ਇਹ ਇਤਿਹਾਸਿਕ ਫਿਲਮ ਦਿਖਾਈ ਗਈ। ਇਸ ਮੌਕੇ ਜਿੱਥੇ ਇਸ ਫਿਲਮ ਨੂੰ ਦੇਖ ਕੇ ਬੱਚਿਆਂ ਦਾ ਉਤਸ਼ਾਹ ਦੇਖਣ ਵਾਲਾ ਸੀ,ਉਥੇ ਹੀ ਬੱਚਿਆਂ ਨੇ ਫਿਲਮ ਦੇ ਪ੍ਰੋਡਿਊਸਰ ਅੰਮ੍ਰਿਤ ਸਰਾਭਾ ਤੇ ਉਨਾਂ ਦੀ ਪੂਰੀ ਟੀਮ ਨੂੰ ਏਨੀ ਵਧੀਆ ਪੰਜਾਬੀ ਫਿਲਮ ਬਣਾਉਣ ਤੇ ਉਨਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਵਿਦੇਸ਼ਾਂ ਦੀ ਧਰਤੀ ਤੇ ਬੱਚਿਆਂ ਨੂੰ ਇਤਿਹਾਸ ਨਾਲ ਜੋੜ ਕੇ ਉਨਾਂ ਅੰਦਰ ਦੇਸ਼ ਭਗਤੀ ਨੂੰ ਜਗਾਉਣ ਦਾ ਇਸ ਤੋ ਵਧੀਆ ਕੋਈ ਉਪਰਾਲਾ ਨਹੀਂ ਹੋ ਸਕਦਾ। ਕਿਉਂਕਿ ਅੱਜ ਦੇ ਤਕਨੀਕੀ ਯੁੱਗ ਵਿਚ ਬੱਚੇ ਜੋ ਦੇਖਦੇ ਹਨ,ਉਸ ਨੂੰ ਜਲਦੀ ਸਮਝਦੇ ਹਨ। ਇਸ ਮੌਕੇ ਸਕੂਲ ਟੀਚਰ ਗੁਰਪ੍ਰੀਤ ਕੌਰ ਬੈਂਸ ਨੇ ਵੀ ਕਿਹਾ ਕਿ ਉਨਾਂ ਨੇ ਬੱਚਿਆਂ ਨੂੰ ਪੰਜਾਬ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਤੇ ਉਨਾਂ ਦੀਆਂ ਦੇਸ਼ ਲਈ ਦਿੱਤੀਆਂ ਛੋਟੀ ਉਮਰ ਵਿਚ ਕੁਰਬਾਨੀਆਂ ਨਾਲ ਜੋੜਨ ਲਈ ਇਹ ਫਿਲਮ ਦਿਖਾਉਣ ਦੀ ਜਿਹੜੀ ਕੋਸ਼ਿਸ਼ ਕੀਤੀ ਸੀ,ਉਸ ਵਿੱਚ ਉਹ ਪੂਰੇ ਸਫਲ ਰਹੇ ਹਨ ਤੇ ਉਹ ਹੋਰ ਸਕੂਲਾਂ ਨੂੰ ਵੀ ਅਪੀਲ ਕਰਦੇ ਹਨ ਕਿ ਉਹ ਵੀ ਆਪਣੇ ਸਕੂਲ ਦੇ ਬੱਚਿਆਂ ਨੂੰ ਇਹ ਇਤਿਹਾਸਿਕ ਫਿਲਮ ਸਰਾਭਾ ਜ਼ੂਰ ਦਿਖਾਉਣ। ਇਸ ਮੌਕੇ ਫਿਲਮ ਪ੍ਰੋਡਿਊਸਰ ਅੰਮ੍ਰਿਤ ਸਰਾਭਾ ਨੇ ਵੀ ਸਕੂਲ ਵਾਲਿਆਂ ਦਾ ਧੰਨਵਾਦ ਕਰਦੇ ਹੋਏ ਕਿਹਾਕਿ ਸਾਡੇ ਬੱਚੇ ਅੱਜਕਲ ਦੇ ਤੇਜ਼ੀ ਦੇ ਜ਼ਮਾਨੇ ਵਿੱਚ ਆਪਣੇ ਇਤਿਹਾਸ ਨਾਲੋ ਦੂਰ ਹੁੰਦੇ ਜਾ ਰਹੇ ਹਨ ਤੇ ਇਸ ਫਿਲਮ ਨੂੰ ਬਣਾ ਕੇ ਜਿੱਥੇ ਉਨਾਂ ਨੇ ਹਰ ਇੱਕ ਨੂੰ ਇਤਿਹਾਸ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ,ਉਥੇ ਹੀ ਇਹ ਕੋਸ਼ਿਸ਼ ਉਨ੍ਹਾਂ ਦੀ ਕਮਾਈ ਦਾ ਦਸਵੰਧ ਹੈ ਤੇ ਹੋਰ ਵੀ ਪੰਜਾਬੀ ਫਿਲਮਾਂ ਬਣਾਉਣ ਵਾਲੇ ਪ੍ਰੋਡਿਊਸਰਾਂ ਨੂੰ ਅਪੀਲ ਕਰਦੇ ਹਨ ਕਿ ਆਪਣੇ ਅਨਮੋਲ ਪੰਜਾਬੀ ਵਿਰਸੇ ਦੀ ਸੰਭਾਲ ਲਈ ਸਾਲ ਵਿੱਚ ਇੱਕ ਇਤਿਹਾਸਿਕ ਪੰਜਾਬੀ ਫਿਲਮ ਬਣਾ ਕੇ ਆਪਣਾ ਦਸਵੰਧ ਜਰੂਰ ਕੱਢਣ,ਤਾਂ ਜੋਂ ਹੁਣ ਦੀਆਂ ਪੀੜ੍ਹੀਆਂ ਤੇ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਇਤਿਹਾਸ ਨਾਲ ਜੁੜੀਆਂ ਰਹਿ ਸਕਣ। ਇਸ ਮੌਕੇ ਉਨਾਂ ਸਾਰੇ ਸਕੂਲਾਂ ਦੇ ਪ੍ਰਬੰਧਕਾਂ ਨੂੰ ਵੀ ਬੇਨਤੀ ਕੀਤੀ ਕਿ ਇਸ ਫਿਲਮ ਨੂੰ ਆਪਣੇ ਬੱਚਿਆਂ ਨੂੰ ਦਿਖਾਉਣ ਲਈ ਉਨਾਂ ਨੂੰ ਸਾਡੀ ਟੀਮ ਦੀ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੈ ਤਾਂ ਉਹ ਸਾਡੇ ਇਸ ਨੰਬਰ 6046005835 ਤੇ ਜਦੋਂ ਮਰਜੀ ਸੰਪਰਕ ਕਰ ਸਕਦੇ ਹਨ। ਇਸ ਮੌਕੇ ਫਿਲਮ ਦੇ ਹਾਲੀਵੁੱਡ ਡਾਇਰੈਕਟਰ ਕੇ ਕਵੀ ਰਾਜ, ਗੁਰਸ਼ਰਨ ਮਾਨ,ਸੁਖਵੰਤ ਸਿੰਘ ਚਾਹਲ,ਅਰਸ਼ ਸਿੰਘ,ਰਵਿੰਦਰ ਸਿੰਘ, ਸੁਖਵੰਤ ਸਿੰਘ ਸਰਾਭਾ, ਇਮਾਨ, ਅਰਮਾਨ, ਇਸ਼ਾਨ, ਰੋਬਿਨ, ਗੁਰਸ਼ਰਨ ਸਿੰਘ,ਰਣਜੋਧ ਸਿੰਘ,ਗੁਰਜੋਤ ਸਿੰਘ,ਜੱਗੀ ਤੇ ਮਨਪ੍ਰੀਤ ਅਟਵਾਲ ਹਾਜਿਰ ਸਨ।



ਕਿਸ਼ਤ ਦਰ ਕਿਸ਼ਤ

# ਪੱਤਰਕਾਰੀ ਕਿ ਤਰਕਾਰੀ






ਲੇਖਕ : ਬਖ਼ਸ਼ਿੰਦਰ

## ਨਾ ਤਰੱਕੀ, ਨਾ ਛੁੱਟੀ

**ਲੜੀ ਜੋੜਨ ਲਈ ਪਿਛਲਾ ਅੰਕ ਵੇਖੋ**

ਦਫ਼ਤਰ ਵਿਚ, ਨਿਊਜ਼ ਡੈਸਕ ਉੱਤੇ ਸਟਾਫ਼ ਪੂਰਾ ਕਰਨ ਦਾ ਕੋਈ ਹੀਲਾ ਹੀ ਨਹੀਂ ਕੀਤਾ ਜਾ ਰਿਹਾ ਸੀ ਕਿਉਂ ਕਿ ਵਿਜੇ ਕੁਮਾਰ ਚਪੜਾ ਦਾ ਕਹਿਣ ਸੀ, "ਬੰਦੇ ਵਧਾ ਕੇ ਦੇਖ ਲਓ, ਕੰਮ ਘਟ ਜਾਊ!" ਇਸ ਦੇ ਨਤੀਜੇ ਵਜੋਂ ਕਈ ਵਾਰੀ, ਹਫ਼ਤਾਵਾਰੀ ਛੁੱਟੀਆਂ ਤੇ ਹੋਰ ਛੁੱਟੀਆਂ ਕਰਨ ਵਾਲ਼ਿਆਂ ਦੀ ਗਿਣਤੀ ਵੱਡੀ ਹੋ ਜਾਣ ਦੀ ਵਜ੍ਹਾ ਨਾਲ਼, ਉਸ ਬਦਲੇ ਓਵਰ ਟਾਈਮ ਬਹੁਤ ਜ਼ਿਆਦਾ ਹੋ ਜਾਂਦਾ। ਇਸ ਸਬੰਧ ਵਿਚ 'ਰੁਟੀਨ' ਇਹ ਹੁੰਦੀ ਕਿ ਤਿੰਨ-ਤਿੰਨ ਘੰਟੇ ਤਾਂ ਇੰਚਾਰਜ ਤੇ ਡਿਪਟੀ ਇੰਚਾਰਜ ਆਪਣੇ ਨਾਂ ਲਿਖ ਲੈਂਦੇ। ਬਾਕੀ ਬਚਦੇ ਘੰਟਿਆਂ ਵਿਚੋਂ ਦੋ-ਦੋ ਘੰਟੇ ਦੋ-ਤਿੰਨ ਹੋਰਨਾਂ ਨੂੰ ਵੰਡ ਦੇਂਦੇ। ਇਸ ਤੋਂ ਬਾਅਦ, ਜੇ ਫਿਰ ਵੀ ਘੰਟਾ-ਦੋ ਘੰਟੇ ਬਚ ਜਾਣੇ ਤਾਂ ਉਹ ਮੇਰੇ ਨਾਂ ਪਾਉਣ ਲੱਗਦੇ ਤਾਂ ਮੈਂ ਕਹਿਣਾ ਕਿ ਮੈਂ ਆਪਣੀ ਡਿਊਟੀ ਕਰ ਕੇ, ਚਲੇ ਜਾਣਾ ਹੈ ਤੇ ਓਵਰ ਟਾਈਮ ਨਹੀਂ ਲਾ ਸਕਣਾ। ਉਸ ਵੇਲ਼ੇ ਫੇਰ ਨੌਬਤ ਕਸ਼ਮਕਸ਼ ਹੋਣ 'ਤੇ ਆ ਜਾਂਦੀ। ਮੈਂ ਕਹਿਣਾ ਕਿ ਮੈਂ ਬੱਚਿਆਂ ਨਾਲ਼ ਕਿਤੇ ਜਾਣਾ ਹੈ, ਇੰਚਾਰਜ ਨੇ ਕਹਿਣਾ ਕਿ ਉਸ ਨੇ ਮੇਰੀ ਡਿਊਟੀ ਦੋ ਘੰਟੇ ਵਧਾਉਣੀ ਹੀ ਵਧਾਉਣੀ ਹੈ।

ਇਸ ਤਰ੍ਹਾਂ ਦੀਆਂ ਕਸ਼ਮਕਸ਼ਾਂ ਟਾਲਣ ਲਈ ਮਾਲਕਾਂ ਨੇ ਫੈਸਲਾ ਕਰ ਦਿੱਤਾ ਕਿ ਇਸ ਤੋਂ ਓਵਰ ਟਾਈਮ ਨਾ ਲੁਆਇਆ ਜਾਵੇ। ਇੱਥੇ ਦੱਸਣਾ ਬਣਦਾ ਹੈ ਕਿ ਮੋਟਾ ਓਵਰ ਟਾਈਮ ਆਪਣੇ ਨਾਂ ਲਿਖਾਉਣ ਵਾਲ਼ੇ ਇੰਚਾਰਜ/ ਡਿਪਟੀ ਇੰਚਾਰਜ ਵੀ ਇਹ ਓਵਰ ਟਾਈਮ, ਆਮ ਡਿਊਟੀ ਨਿਭਾ ਕੇ ਹੀ ਡਕਾਰੀ ਜਾਂਦੇ ਹੁੰਦੇ ਸਨ। 'ਹਿੰਦ ਸਮਾਚਾਰ' ਵਿਚ ਕੰਮ ਕਰਦਿਆਂ, ਸਾਲ ਵਿਚ ਅਖ਼ਬਾਰਾਂ ਸਿਰਫ਼ ਤਿੰਨ ਦਿਨ ਬੰਦ ਹੁੰਦੀਆਂ ਸਨ। ਇਹ ਦਿਨ ਸਨ ਦੀਵਾਲੀ, ਹੋਲੀ ਅਤੇ ਗਣਤੰਤਰ ਦਿਹਾੜਾ। 'ਹਿੰਦ ਸਮਾਚਾਰ' ਵਿਚ ਕੰਮ ਕਰਦਿਆਂ ਮੈਂ, ਕੋਈ ਮੇਲਾ-ਮੁਸਾਹਵਾ ਨਹੀਂ ਦੇਖਿਆ ਸੀ। ਇਸ ਦੀ ਵੱਡੀ ਵਜ੍ਹਾ ਡਿਊਟੀ ਸ਼ਾਮ ਦੀ ਹੋਣ ਦੇ ਨਾਲ਼-ਨਾਲ਼, ਇਹ ਵੀ ਸੀ ਕਿ ਸਰਕਾਰੀ ਛੁੱਟੀਆਂ ਵਾਲ਼ੇ ਦਿਨੀਂ ਵੀ ਅਸੀਂ ਡਿਊਟੀ ਉੱਤੇ ਹੁੰਦੇ ਸਾਂ।

ਯੂਨੀਅਨ ਚਾਹੁੰਦੀ ਸੀ ਕਿ ਉਸ ਦੀ ਹੋਂਦ ਬਾਰੇ ਜੱਗ-ਜਹਾਨ ਨੂੰ ਵੀ ਪਤਾ ਲੱਗੇ। ਦੂਜੇ ਪਾਸੇ ਵਿਜੇ ਕੁਮਾਰ ਚੋਪੜਾ ਇਹ ਐਲਾਨ ਕਰ ਚੁੱਕੇ ਸਨ, "ਹਿੰਦ ਸਮਾਚਾਰ ਵਿਚ ਮੁਲਾਜ਼ਮ ਯੂਨੀਅਨ ਮੇਰੀ ਲਾਸ਼ ਉੱਤੇ ਹੀ ਬਣੇਗੀ।" ਯੂਨੀਅਨ ਤਾਂ ਬਣ ਚੁੱਕੀ ਸੀ, ਪਰ ਉਸ ਦੇ ਬਣੀ ਹੋਣ ਦਾ ਸਬੂਤ ਦਿਸਣਾ ਰਹਿੰਦਾ ਸੀ। ਫ਼ੈਸਲਾ ਕੀਤਾ ਗਿਆ ਕਿ ਉਸ ਸਾਲ 2 ਅਕਤੂਬਰ ਨੂੰ ਗਾਂਧੀ ਜਯੰਤੀ ਮੌਕੇ, ਯੂਨੀਅਨ ਨਾਲ਼ ਸਬੰਧਤ ਮੁਲਾਜ਼ਮ, ਨਾ ਸਿਰਫ਼ ਰਲ਼ ਕੇ ਛੁੱਟੀ ਕਰਨ, ਸਗੋਂ ਮਾਲਕਾਂ ਦੇ ਧੱਕੇ ਦੇ ਖ਼ਿਲਾਫ਼, ਜਲੰਧਰ ਸ਼ਹਿਰ ਦੀਆਂ ਮੁੱਖ ਸੜਕਾਂ ਉੱਤੇ ਮੁਜ਼ਾਹਰਾ ਕਰਦਿਆਂ ਡਿਪਟੀ ਕਮਿਸ਼ਨਰ ਨੂੰ ਮੈਮੋਰੰਡਮ ਦੇ ਕੇ ਇਹ ਦੱਸਣ ਕਿ 'ਆਜ਼ਾਦ ਭਾਰਤ ਦੀ ਆਜ਼ਾਦ ਪ੍ਰੈੱਸ ਦੇ ਮੁਲਾਜ਼ਮ ਕਿਸ ਤਰ੍ਹਾਂ ਗ਼ੁਲਾਮੀ' ਭੋਗਦੇ ਹਨ।



ਦੋ ਮੁਲਾਜ਼ਮਾਂ ਨੂੰ ਰਿਕਸ਼ੇ ਵਿਚ ਬਿਠਾ ਕੇ, ਉਨ੍ਹਾਂ ਦੇ ਹੱਥਾਂ-ਪੈਰਾਂ ਤੇ ਧੌਣਾਂ ਨੂੰ ਸੰਗਲ਼ ਪਾਏ ਗਏ ਤੇ ਉਸ ਰਿਕਸ਼ੇ ਦੇ ਮਗਰ, ਜਲੰਧਰ ਦੀਆਂ ਸੜਕਾਂ ਉੱਤੇ 'ਮਾਰਚ' ਕਰਦਿਆਂ, ਮੁਲਾਜ਼ਮਾਂ ਵੱਲੋਂ "ਹਿੰਦ ਸਮਾਚਾਰ ਦੇ ਮੁਲਾਜ਼ਮ, ਅੱਜ ਵੀ ਗ਼ੁਲਾਮ" ਤੇ "ਮਹਾਤਮਾ ਗਾਂਧੀ ਦੀ ਜਯੰਤੀ ਮੌਕੇ ਛੁੱਟੀ ਦਿਓ" ਵਰਗੇ ਨਾਅਰੇ ਲਗਾਏ ਗਏ। ਮੁਲਾਜ਼ਮਾਂ ਵੱਲੋਂ ਕੱਢਿਆ ਹੋਇਆ ਇਹ ਜਲੂਸ, ਜਲੰਧਰ ਤੋਂ ਨਿੱਕਲਦੇ ਤਕਰੀਬਨ ਸਾਰੇ ਅਖ਼ਬਾਰਾਂ ਦੇ ਦਫ਼ਤਰਾਂ ਅੱਗੋਂ ਲੰਘਿਆ। ਇਸ ਦੌਰਾਨ ਮਾਲਕਾਂ ਨੇ ਇਹ ਮੁਜ਼ਾਹਰਾ ਖੇਰੂੰ-ਖੇਰੂੰ ਕਰਨ ਖ਼ਾਤਰ ਪੂਰਾ ਜ਼ੋਰ ਲਾਇਆ ਤੇ ਇਕ ਜੀਪ ਵਿਚ ਫੋਟੋਗ੍ਰਾਫ਼ਰ ਬਿਠਾ ਕੇ, ਉਹ ਜੀਪ, ਜਲੂਸ ਦੇ ਕੋਲ਼ੋਂ ਦੀ ਲੰਘਾ ਕੇ ਮੁਜ਼ਾਹਰਾਕਾਰੀਆਂ ਦੀਆਂ ਤਸਵੀਰਾਂ ਖਿਚਵਾਈਆਂ। ਇਕ ਪਾਸੇ ਲੋਕ, ਇਹ ਮੁਜ਼ਾਹਰਾ ਦੇਖ ਕੇ ਮਾਲਕਾਂ ਦੇ ਨਾਂ ਉੱਤੇ 'ਥੂਹ-ਥੂਹ' ਕਰ ਰਹੇ ਸਨ, ਦੂਜੇ ਪਾਸੇ ਮਾਲਕ, ਇਸ ਮੁਜ਼ਾਹਰੇ ਦੀਆਂ ਤਸਵੀਰਾਂ ਵੱਡੀਆਂ-ਵੱਡੀਆਂ ਕਰਾ ਕੇ ਆਪਣੇ ਮੇਜ਼ਾਂ ਦੇ ਸ਼ੀਸ਼ਿਆਂ ਹੇਠਾਂ ਵਿਛਾ ਰਹੇ ਸਨ।#

## ਯੂਨੀਅਨ ਦੇ ਮੈਂਬਰਾਂ 'ਤੇ ਜ਼ੁਲਮ ਵਧਿਆ

ਇਸ ਮੁਜ਼ਾਹਰੇ ਨੇ, ਮਾਲਕਾਂ ਦੇ ਸੀਨਿਆਂ ਵਿਚ ਬਲਦੀ ਅੱਗ ਉੱਤੇ ਤੇਲ ਪਾਇਆ। ਜਿਨ੍ਹਾਂ ਮਾਲਕਾਂ ਨੂੰ ਲੋਕ, ਦਹਿਸ਼ਤਗ਼ਰਦੀ ਦੇ ਸਤਾਏ ਹੋਏ ਅਤੇ ਅੰਦਰੀਂ ਡੱਕੇ ਹੋਏ ਸਮਝਦੇ ਸਨ, ਇਸ ਮੁਜ਼ਾਹਰੇ ਨੇ ਉਨ੍ਹਾਂ ਨੂੰ ਦਿਖਾ ਦਿੱਤਾ ਕਿ ਉਹੀ ਮਾਲਕ, ਹਥਿਆਰਾਂ ਦੀ ਮਦਦ ਨਾਲ਼, ਆਪਣੇ ਮੁਲਾਜ਼ਮਾਂ ਨਾਲ਼ ਜੀਅ ਪ੍ਰਚਾਵਾ ਕਰਦੇ ਹਨ। ਉਨ੍ਹਾਂ ਦਾ ਹਵਨ-ਤਿਲਕ ਦੀਆਂ ਦੌੜਾਂ ਲੁਆਈ ਰੱਖਦੇ। ਫੋਟੋ ਵਿਚਲੇ ਮੁਲਾਜ਼ਮਾਂ ਦੇ ਅਡਵਾਂਸ ਤੇ ਕਰਜ਼ੇ ਬੰਦ ਕਰ ਦਿੱਤੇ ਗਏ। ਉਸ ਦੇ ਘਰਾਂ-ਪਰਿਵਾਰਾਂ ਦੀ ਜਾਸੂਸੀ ਕਰਾਈ ਜਾਣ ਲੱਗ ਪਈ। ਉਨ੍ਹੀਂ ਦਿਨੀਂ, ਮਾਲਕਾਂ ਦੇ 'ਚਮਚਿਆਂ' ਦੀ ਪੁੱਛ-ਪ੍ਰਤੀਤ ਵਧ ਗਈ ਅਤੇ ਉਨ੍ਹਾਂ ਦੇ ਇਨਾਮ ਅਤੇ ਬਖ਼ਸ਼ਿਸ਼ਾਂ ਵਧਾ ਦਿੱਤੀਆਂ ਗਈਆਂ। ਯੂਨੀਅਨ ਦੇ ਇਕ ਸਰਗ਼ਰਮ ਕਾਮੇ ਦਾ, ਹੁਸ਼ਿਆਰਪੁਰ ਦੀ ਇਕ ਅਦਾਲਤ ਵਿਚ ਪਰਿਵਾਰਕ ਅਣਬਣ ਸਬੰਧੀ ਮੁਕੱਦਮਾ ਚੱਲ ਰਿਹਾ ਸੀ। ਉਸ ਦੇ ਮੁਕੱਦਮੇਂ ਦੀ ਹਰ ਤਾਰੀਖ਼ 'ਤੇ ਮਾਲਕਾਂ ਵਾਲ਼ਾ ਅਕਸ, ਦਫ਼ਤਰੋਂ ਬਾਹਰਲੇ ਜਹਾਨ ਵਿਚ ਤਿੜਕ ਕੇ ਚਕਨਾਚੂਰ ਹੋ ਗਿਆ ਸੀ। ਇਸ ਤੋਂ ਮਗਰੋਂ ਉਹ, ਆਪਣੇ ਸ਼ੀਸ਼ੇ ਹੇਠ ਵਿਛਾਈ ਹੋਈਆਂ, ਉਸ ਮੁਜ਼ਾਹਰੇ ਦੀਆਂ ਤਸਵੀਰਾਂ ਦੇਖ ਕੇ, ਉਨ੍ਹਾਂ ਵਿਚੋਂ ਇਕ ਮੁਲਾਜ਼ਮ ਚੁਣ ਲੈਂਦੇ ਤੇ ਸਾਰਾ-ਸਾਰਾ ਦਿਨ, ਕਿਸੇ ਨਾ ਕਿਸੇ ਬਹਾਨੇ ਉਸ ਦੇ ਚਮਚੇ, ਤਾਜ਼ਾ ਜਾਣਕਾਰੀ ਹਾਸਲ ਕਰ ਕੇ ਮਾਲਕਾਂ ਤਕ ਪਹੁੰਚਾਉਣ ਖ਼ਾਤਰ ਪਹੁੰਚੇ ਹੁੰਦੇ ਸਨ। ਕਈ ਪ੍ਰੈੱਸ ਵਰਕਰਾਂ ਦੇ ਖ਼ਿਲਾਫ਼, ਦਫ਼ਤਰ/ ਪ੍ਰੈੱਸ ਵਿਚ ਭੰਨ-ਤੋੜ ਕਰਨ ਦੇ ਕੇਸ ਦਰਜ ਕਰਾਏ ਜਾਣ ਲੱਗੇ। ਭਾਵੇਂ ਕਈ ਕੇਸਾਂ ਵਿਚ ਕੋਈ ਦਮ ਨਹੀਂ ਹੁੰਦਾ ਸੀ, ਪਰ ਮੁਲਾਜ਼ਮਾਂ ਨੂੰ ਹੱਥਕੜੀਆਂ ਲੁਆ ਕੇ ਲਿਜਾਣ-ਲਿਆਉਣ ਨਾਲ਼ ਹੋਰ ਮੁਲਾਜ਼ਮਾਂ ਦੇ ਮਨੋਬਲ ਉੱਤੇ ਮਾੜਾ ਅਸਰ ਤਾਂ ਪੈਂਦਾ ਹੀ ਹੁੰਦਾ ਸੀ।

ਦਫ਼ਤਰ ਦੀਆਂ ਆਮ ਗੱਲਾਂ ਛੱਡ ਕੇ, ਮੈਂ ਆਪਣੇ ਨਾਲ਼ ਹੋਈਆਂ-ਬੀਤੀਆਂ ਹੀ ਦੱਸਣੀਆਂ ਚਾਹਾਂਗਾ। ਇਹ ਤਾਂ ਮੈਂ ਦੱਸ ਹੀ ਚੁੱਕਾ ਹਾਂ ਕਿ ਮੇਰੀ ਡਿਊਟੀ ਇਸ ਹਿਸਾਬ ਨਾਲ਼ ਲਗਾਈ ਹੋਈ ਸੀ ਕਿ ਮੈਂ ਕੰਮ ਕਰਨ ਤਾਂ ਉਸ ਵੇਲ਼ੇ ਆਵਾਂ, ਜਦੋਂ ਸਾਰੇ ਲੋਕ ਆਪਣਾ ਕੰਮ ਨਿਬੇੜ ਕੇ, ਆਪਣੇ ਘਰਾਂ ਨੂੰ ਜਾਇਆ ਕਰਦੇ ਸਨ, ਪਰ ਮੇਰੀ ਡਿਊਟੀ ਰਾਤ ਗਿਆਰਾਂ ਵਜੇ ਤੋਂ ਪਹਿਲਾਂ ਮੁਕਾ ਦਿੱਤੀ ਜਾਂਦੀ ਸੀ ਕਿਉਂ ਕਿ ਗਿਆਰਾਂ ਵਜੇ ਤਕ ਕੰਮ ਕਰਦਾ ਮੁਲਾਜ਼ਮ, ਰਾਤ ਦੀ ਡਿਊਟੀ ਦੀ ਵਜ੍ਹਾ ਨਾਲ਼ ਰਾਤ ਦਾ ਭੱਤਾ (ਉਦੋਂ ਮਸਾਂ 3 ਜਾਂ 5 ਰੁਪਏ) ਲੈਣ ਦਾ ਹੱਕਦਾਰ ਹੋ ਜਾਂਦਾ ਸੀ। ਸਾਡੇ ਮਾਲਕਾਂ ਦੀ ਇਹ ਨੀਤੀ ਸੀ ਕਿ ਰਾਤ ਨੂੰ, ਐਡੀਟੋਰੀਅਲ ਡੈਸਕ ਉੱਤੇ ਬੰਦੇ ਭਾਵੇਂ ਪੰਜ ਕੰਮ ਕਰਦੇ ਹੋਣ, ਪਰ ਉਨ੍ਹਾਂ ਵਿਚੋਂ ਰਾਤ ਦੀ ਡਿਊਟੀ ਦਾ ਭੱਤਾ, ਸਿਰਫ਼ ਉਨ੍ਹਾਂ ਦੋ ਜਣਿਆਂ ਨੂੰ ਮਿਲਣਾ ਹੁੰਦਾ ਸੀ, ਜਿਹੜੇ ਰਾਤ ਨੂੰ ਦੋ-ਢਾਈ ਵਜੇ ਤਕ ਕੰਮ ਕਰਦੇ ਹੁੰਦੇ ਸਨ। ਇਸ ਤਰ੍ਹਾਂ, ਪਹਿਲਾਂ ਮੇਰੀ ਡਿਊਟੀ ਸ਼ਾਮ ਚਾਰ ਵਜੇ ਤੋਂ ਰਾਤ ਦਸ ਵਜੇ ਤਕ ਹੁੰਦੀ ਸੀ। ਜਦੋਂ ਮੈਂ ਦਸ ਵਜੇ ਛੁੱਟੀ ਕਰ ਕੇ ਜਾਣ ਲੱਗਣਾ ਤਾਂ 'ਰਾਤ ਦੇ ਇੰਚਾਰਜ' ਨੇ ਕਹਿਣਾ ਕਿ ਮੈਂ 'ਦਿੱਤੀਆਂ ਹੋਈਆਂ ਖ਼ਬਰਾਂ ਮੁਕਾ ਕੇ' ਜਾਵਾਂ। ਇਸ ਮੌਕੇ ਫਿਰ ਤਕਰਾਰ ਹੋਣ ਦੀ ਨੌਬਤ ਆ ਜਾਣੀ। ਮੇਰੀ ਡਿਊਟੀ ਅੱਧਾ ਘੰਟਾ ਵਧਾਉਣ ਖ਼ਾਤਰ ਮੈਨੂੰ ਕਿਹਾ ਗਿਆ ਕਿ ਮੈਂ ਅੱਧਾ ਘੰਟਾ, 'ਚਾਹ-ਪਾਣੀ ਪੀਣ ਦੀ ਬ੍ਰੇਕ' ਕਰ ਲਿਆ ਕਰਾਂ। ਰਾਤੀਂ ਸੱਤ-ਅੱਠ ਵਜੇ ਵੱਡੀਆਂ ਖ਼ਬਰਾਂ ਆਉਣ ਦਾ ਤੇ ਕੰਮ, ਕਾਫੀ ਜ਼ਿਆਦਾ ਤੇਜ਼ੀ ਨਾਲ਼ ਨਜਿੱਠਣ ਦਾ ਸਮਾਂ ਹੁੰਦਾ ਸੀ। ਮੈਂ ਮਾਲਕਾਂ ਦੇ ਹੁਕਮ ਮੁਤਾਬਕ 'ਵਰਕ ਟੂ ਰੂਲ' ਯਾਨੀ ਨਿਯਮਾਂ ਅਨੁਸਾਰ ਕੰਮ ਕਰਦਿਆਂ, ਸਾਢੇ ਸੱਤ ਵਜੇ ਹੱਥ ਵਾਲ਼ੀਆਂ ਖ਼ਬਰਾਂ, ਆਪਣੇ ਚੂੰਢੀ-ਫੱਟੇ ਹੇਠ ਰੱਖ ਕੇ 'ਚਾਹ-ਪਾਣੀ ਪੀਣ ਦੀ ਛੁੱਟੀ ਕਰ ਕੇ' ਦਫ਼ਤਰ ਦੀਆਂ ਪੌੜੀਆਂ ਉੱਤਰ ਜਾਇਆ ਕਰਦਾ ਹੁੰਦਾ ਸਾਂ। ਉਸ ਮੌਕੇ, 'ਡੈਸਕ ਇੰਚਾਰਜ' ਦੀ, ਮੈਨੂੰ ਰੋਕਣ ਸਬੰਧੀ ਕੋਈ ਪੇਸ਼ ਨਾ ਜਾਣੀ। ਕਈ ਅਹਿਮ ਖ਼ਬਰਾਂ ਪਹਿਲੇ ਐਡੀਸ਼ਨ ਵਿਚ ਨਾ ਛਪ ਸਕਣੀਆਂ ਜਾਂ ਅਧੂਰੀਆਂ ਛਪਣੀਆਂ। ਮਾਲਕਾਂ ਨੂੰ ਆਪਣੇ ਕੰਮ ਦਾ ਨੁਕਸਾਨ ਕਰਾਉਣਾ ਮਨਜ਼ੂਰ ਸੀ, ਪਰ ਆਪਣੀ ਹਿੰਡ ਛੱਡਣੀ ਮਨਜ਼ੂਰ ਨਹੀਂ ਸੀ।

(ਚਲਦਾ)

**ਸਾਡੇ ਮਾਲਕਾਂ ਦੀ ਇਹ ਨੀਤੀ ਸੀ ਕਿ ਰਾਤ ਨੂੰ, ਐਡੀਟੋਰੀਅਲ ਡੈਸਕ ਉੱਤੇ ਬੰਦੇ ਭਾਵੇਂ ਪੰਜ ਕੰਮ ਕਰਦੇ ਹੋਣ, ਪਰ ਉਨ੍ਹਾਂ ਵਿਚੋਂ ਰਾਤ ਦੀ ਡਿਊਟੀ ਦਾ ਭੱਤਾ, ਸਿਰਫ਼ ਉਨ੍ਹਾਂ ਦੋ ਜਣਿਆਂ ਨੂੰ ਮਿਲਣਾ ਹੁੰਦਾ ਸੀ, ਜਿਹੜੇ ਰਾਤ ਨੂੰ ਦੋ-ਢਾਈ ਵਜੇ ਤਕ ਕੰਮ ਕਰਦੇ ਹੁੰਦੇ ਸਨ। ਇਸ ਤਰ੍ਹਾਂ, ਪਹਿਲਾਂ ਮੇਰੀ ਡਿਊਟੀ ਸ਼ਾਮ ਚਾਰ ਵਜੇ ਤੋਂ ਰਾਤ ਦਸ ਵਜੇ ਤਕ ਹੁੰਦੀ ਸੀ। ਜਦੋਂ ਮੈਂ ਦਸ ਵਜੇ ਛੁੱਟੀ ਕਰ ਕੇ ਜਾਣ ਲੱਗਣਾ ਤਾਂ 'ਰਾਤ ਦੇ ਇੰਚਾਰਜ' ਨੇ ਕਹਿਣਾ ਕਿ ਮੈਂ 'ਦਿੱਤੀਆਂ ਹੋਈਆਂ ਖ਼ਬਰਾਂ ਮੁਕਾ ਕੇ' ਜਾਵਾਂ। ਇਸ ਮੌਕੇ ਫਿਰ ਤਕਰਾਰ ਹੋਣ ਦੀ ਨੌਬਤ ਆ ਜਾਣੀ। ਮੇਰੀ ਡਿਊਟੀ ਅੱਧਾ ਘੰਟਾ ਵਧਾਉਣ ਖ਼ਾਤਰ ਮੈਨੂੰ ਕਿਹਾ ਗਿਆ ਕਿ ਮੈਂ ਅੱਧਾ ਘੰਟਾ, 'ਚਾਹ-ਪਾਣੀ ਪੀਣ ਦੀ ਬ੍ਰੇਕ' ਕਰ ਲਿਆ ਕਰਾਂ। ਰਾਤੀਂ ਸੱਤ-ਅੱਠ ਵਜੇ ਵੱਡੀਆਂ ਖ਼ਬਰਾਂ ਆਉਣ ਦਾ ਤੇ ਕੰਮ, ਕਾਫੀ ਜ਼ਿਆਦਾ ਤੇਜ਼ੀ ਨਾਲ਼ ਨਜਿੱਠਣ ਦਾ ਸਮਾਂ ਹੁੰਦਾ ਸੀ। ਮੈਂ ਮਾਲਕਾਂ ਦੇ ਹੁਕਮ ਮੁਤਾਬਕ 'ਵਰਕ ਟੂ ਰੂਲ' ਯਾਨੀ ਨਿਯਮਾਂ ਅਨੁਸਾਰ ਕੰਮ ਕਰਦਿਆਂ, ਸਾਢੇ ਸੱਤ ਵਜੇ ਹੱਥ ਵਾਲ਼ੀਆਂ ਖ਼ਬਰਾਂ, ਆਪਣੇ ਚੂੰਢੀ-ਫੱਟੇ ਹੇਠ ਰੱਖ ਕੇ 'ਚਾਹ-ਪਾਣੀ ਪੀਣ ਦੀ ਛੁੱਟੀ ਕਰ ਕੇ' ਦਫ਼ਤਰ ਦੀਆਂ ਪੌੜੀਆਂ ਉੱਤਰ ਜਾਇਆ ਕਰਦਾ ਹੁੰਦਾ ਸਾਂ। ਉਸ ਮੌਕੇ, 'ਡੈਸਕ ਇੰਚਾਰਜ' ਦੀ, ਮੈਨੂੰ ਰੋਕਣ ਸਬੰਧੀ ਕੋਈ ਪੇਸ਼ ਨਾ ਜਾਣੀ।**





# ਸਿੱਖ ਰਾਈਡਰ ਮੋਟਰਸਾਈਕਲ ਕਲੱਬ ਕੈਨੇਡਾ ਦੇ ਮੈਂਬਰਾਂ ਦੀ ਸਾਲਾਨਾ ਪਾਰਟੀ

ਸਰੀ (ਮਹੇਸ਼ਇੰਦਰ ਸਿੰਘ ਮਾਂਗਟ) ਬੀਤੇ ਦਿਨੀ ਸਿੱਖ ਰਾਈਡਰ ਮੋਟਰਸਾਈਕਲ ਕਲੱਬ ਕੈਨੇਡਾ ਦੇ ਸਮੂਹ ਮੈਂਬਰਾਂ ਵੱਲੋਂ ਸਾਲਾਨਾ ਪਾਰਟੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ 2023 ਵਿੱਚ ਹੋਈਆਂ ਰਾਈਡਾਂ ਦੀ ਸਮੀਖਿਆ ਕਰਦਿਆਂ ਸ਼ੇਰੇ ਪੰਜਾਬ ਰੇਡੀਓ ਦੇ ਹੋਸਟ ਹਰਜੀਤ ਸਿੰਘ ਗਿੱਲ ਨੇ ਸਮੂਹ ਮੈਂਬਰਾ ਨੂੰ ਸੰਬੋਧਨ ਕਰਦੇ ਕਿਹਾ ਕਿ ਸਿੱਖ ਰਾਈਡਰ ਕਲੱਬ ਹੀ ਨਹੀਂ ,ਸਗੋਂ ਇਹ ਕਲੱਬ ਪਰਿਵਾਰ ਦੀ ਤਰਾਂ ਹੈ। ਇਸ ਦੇ ਹਰ ਇੱਕ ਮੈਂਬਰਾਂ ਦੇ ਸੁੱਖ ਦੁੱਖ ਤੇ ਖੁਸ਼ੀਆਂ ਦੇ ਮੌਕਿਆਂ ਵਿੱਚ ਸ਼ਰੀਕ ਹੋਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ।ਜੋ ਫਰਜ਼ ਆਪਾਂ ਨਿਭਾਉਂਦੇ ਵੀ ਆਏ ਹਾਂ। ਉਨਾਂ ਕਿਹਾ ਕਿ ਸਾਡੇ ਕੋਲ



ਚਾਰ ਕੁ ਮਹੀਨੇ ਹੁੰਦੇ ਹਨ,ਜਿੰਨਾਂ ਵਿੱਚ ਰਾਈਡਾਂ ਦੇ ਨਾਲ ਨਾਲ ਪਰਿਵਾਰਾਂ ਦੇ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਵੀ ਸਮਾਂ ਕੱਢਦੇ ਹਾਂ। ਮੌਜੂਦਾ ਮੁਸ਼ਕਲ ਦੌਰ ਵਿੱਚ ਨਿਕਲਣ ਦੇ ਬਾਵਜੂਦ ਵੀ ਆਪਣੇ ਕਲੱਬ ਦਾ ਇੱਕ ਇੱਕ ਮੈਂਬਰ ਨੇ ਚਾਹੇ ਚਾਰ -ਪੰਜ ਦਿਨ ਦੀਆਂ ਰਾਈਡਾ ਹੋਣ ਜਾਂ ਯੂਬਾ ਸਿਟੀ ਦਾ ਟ੍ਰਿਪ ,ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਮਾਣਿਆ।ਉਨਾਂ ਕਿਹਾ ਕਿ ਇਸੇ ਤਰਾਂ ਹੀ ਸਾਡੇ ਕਲੱਬ ਦਾ ਪਿਆਰ ਬਣਿਆ ਰਹੇ ਤੇ ਚੜ੍ਹਦੇ ਨਵੇਂ ਸਾਲ 'ਚ ਪਿਆਰ ਤੇ ਇਤਫ਼ਾਕ ਨਾਲ ਇਸੇ ਤਰਾਂ ਹੀ ਰਾਈਡਾਂ ਕਰਦੇ ਰਹੀਏ। ਅੰਤ ਵਿੱਚ 2024 ਸਾਲ ਦੀਆਂ ਰਾਈਡਾਂ ਬਾਰੇ ਵਿਚਾਰ ਚਰਚਾ ਵੀ ਕੀਤੀ ਗਈ।





## ਕੈਨੇਡੀਅਨ ਨਾਗਰਿਕ ਨਿੱਝਰ ਦੇ ਕਤਲ ਦੇ ਤਾਰ ਪਨੂੰ ਨੂੰ ਮਾਰਨ ਦੀ ਸੁਪਾਰੀ ਨਾਲ ਜੁੜੇ

ਸ.ਫ਼ਾ 1 ਦੀ ਬਾਕੀ

ਦਾ ਜਨਰਲ ਕੌਂਸਲ ਗੁਰਪਤਵੰਤ ਸਿੰਘ ਪਨੂੰ ਸੀ। ਇਹ ਸੰਗਠਨ ਉੱਤਰੀ ਭਾਰਤ ਵਿਚ ਆਜ਼ਾਦ ਸਿੱਖ ਰਾਜ ਖਾਲਿਸਤਾਨ ਬਣਾਉਣ ਲਈ ਮੁਹਿੰਮ ਚਲਾ ਰਿਹਾ ਹੈ। ਭਾਰਤੀ ਨਾਗਰਿਕ ਨਿਖਿਲ ਗੁਪਤਾ ਜਿਸ ਨੂੰ ਪੰਜ ਮਹੀਨੇ ਪਹਿਲਾਂ ਚੈੱਕ ਗਣਰਾਜ ਵਿਚ ਗ੍ਰਿਫਤਾਰ ਕੀਤਾ ਸੀ ਨੂੰ ਭਾਰਤ ਸਰਕਾਰ ਦੇ ਅਧਿਕਾਰੀ ਨੇ ਪਨੂੰ ਮਾਰਨ ਲਈ ਕਥਿਤ ਰੂਪ ਵਿਚ ਭਰਤੀ ਕੀਤਾ ਸੀ। ਦੋਸ਼ ਵਿਚ ਕਿਹਾ ਗਿਆ ਕਿ ਭਾਰਤੀ ਏਜੰਟ ਨੇ ਆਪਣੇ ਆਪ ਨੂੰ ਸੀਨੀਅਰ ਫੀਲਡ ਅਫਸਰ ਆਖਿਆ ਸੀ ਜਿਸ ਨੇ ਪਹਿਲਾਂ ਦੇਸ਼ ਦੀ ਸੈਂਟਰਲ ਰਿਜ਼ਰਵ ਪੁਲਿਸ ਫੋਰਸ ਵਿਚ ਨੌਕਰੀ ਕੀਤੀ ਅਤੇ ਫਿਰ ਉਹ ਸੁਰੱਖਿਆ ਅਤੇ ਖੁਫ਼ੀਆ ਮਾਮਲਿਆਂ ਵਿਚ ਜ਼ਿੰਮੇਵਾਰੀਆਂ ਨਿਭਾਉਂਦਾ ਰਿਹਾ ਹੈ। ਕਥਿਤ ਭਾਰਤੀ ਏਜੰਟ ਪਨੂੰ ਨੂੰ ਮਾਰਨ ਲਈ ਕਥਿਤ ਹਮਲਾਵਰ ਨੂੰ ਇਕ ਲੱਖ ਅਮਰੀਕੀ ਡਾਲਰ ਦੇਣ ਲਈ ਸਹਿਮਤ ਹੋ ਗਿਆ ਜਿਹੜਾ ਅਸਲ ਵਿਚ ਅੰਡਰਕਵਰ ਪੁਲਿਸ ਅਫਸਰ ਸੀ। ਗੁਪਤਾ ਨੇ ਕਥਿਤ ਹਮਲਾਵਰ (ਹਿਟਮੈਨ) ਨੂੰ ਕਿਹਾ ਕਿ ਉਹ ਜੂਨ ਦੇ ਸ਼ੁਰੂ ਵਿਚ ਹਮਲਾ ਨਾ ਕਰੇ ਕਿਉਂਕਿ ਉਸ ਸਮੇਂ ਭਾਰਤੀ ਤੇ ਅਮਰੀਕੀ ਅਧਿਕਾਰੀਆਂ ਵਿਚਕਾਰ ਉੱਚ ਪੱਧਰੀ ਮੀਟਿੰਗਾਂ ਹੋਣ ਵਾਲੀਆਂ ਹਨ ਅਤੇ ਰਾਜਸੀ ਨਤੀਜੇ ਸਾਹਮਣੇ ਆਉਣ ਦੀ ਸੰਭਾਵਨਾ ਹੈ। ਅਮਰੀਕੀ ਪ੍ਰੋਸੀਕਿਊਟਰਜ਼ ਨੇ ਦਾਇਰ ਦੋਸ਼ਾਂ ਮੁਤਾਬਿਕ ਨਿੱਝਰ ਦੇ ਕਤਲ ਤੋਂ ਕੁਝ ਦਿਨ ਪਹਿਲਾਂ ਗੁਪਤਾ ਨੇ ਅੰਡਰਕਵਰ ਅਫਸਰ ਜਿਸ ਨੂੰ ਉਹ ਅਪਰਾਧੀ ਸਮਝਦਾ ਸੀ ਨੂੰ ਦੱਸਿਆ ਕਿ ਸਾਨੂੰ ਇਕ ਹੋਰ ਹੱਤਿਆ ਲਈ ਕੈਨੇਡਾ ਵਿਚ ਇਕ ਚੰਗੀ ਟੀਮ ਦੀ ਲੋੜ ਹੈ। ਗੁਪਤਾ ਨੇ ਅੰਡਰਕਵਰ ਅਧਿਕਾਰੀ ਨੂੰ ਬਾਅਦ ਵਿਚ ਦੱਸਿਆ ਕਿ ਕੈਨੇਡਾ ਤੇ ਅਮਰੀਕਾ ਵਿਚ ਜਿਨ੍ਹਾਂ ਵਿਅਕਤੀਆਂ ਦੀ ਹੱਤਿਆ ਕੀਤੀ ਜਾਣੀ ਹੈ ਉਨ੍ਹਾਂ ਵਿਚ ਨਿੱਝਰ 4 ਜਾਂ 3 ਨੰਬਰ 'ਤੇ ਆਉਂਦਾ ਹੈ। ਨਿੱਝਰ ਦੇ ਕਤਲ ਤੋਂ ਕੁਝ ਘੰਟੇ ਬਾਅਦ ਉਸ ਨੇ ਅਫਸਰ ਨੂੰ ਇਕ ਵੀਡੀਓ ਕਲਿਪ ਭੇਜੀ ਜਿਸ ਵਿਚ ਨਿੱਝਰ ਦੀ ਲਾਸ਼ ਉਸ ਦੀ ਗੱਡੀ ਵਿਚ ਖੂਨ ਨਾਲ ਲੱਥਪੱਥ ਦਿਖਾਈ ਦਿੱਤੀ ਅਤੇ ਕਿਹਾ ਕਿ ਹੁਣ ਪਨੂੰ ਨੂੰ ਕਤਲ ਕਰਨ ਲਈ ਉਡੀਕ ਕਰਨ ਦੀ ਲੋੜ ਨਹੀਂ। ਨਿੱਝਰ ਦੇ ਕਤਲ ਤੋਂ ਦੋ ਦਿਨ ਪਿੱਛੋਂ ਗੁਪਤਾ ਨੇ ਅੰਡਰਕਵਰ ਅਧਿਕਾਰੀ ਨੂੰ ਹਦਾਇਤ ਕੀਤੀ ਕਿ ਉਹ ਅਮਰੀਕੀ ਨਿਸ਼ਾਨੇ ਲਈ ਤੁਰੰਤ ਕਾਰਵਾਈ ਕਰੇ ਅਤੇ 29 ਜੂਨ ਤਕ ਅਸੀਂ ਚਾਰ ਕੰਮ ਖਤਮ ਕਰਨੇ ਹਨ, ਜਿਸ ਵਿਚ ਇਕ ਅਮਰੀਕਾ ਅਤੇ ਤਿੰਨ ਕੈਨੇਡਾ ਵਿਚ ਹੋਰ ਨਿਸ਼ਾਨੇ ਸਨ। ਅਮਰੀਕੀ ਨਿਆਂ ਵਿਭਾਗ ਦੀ ਕਾਰਵਾਈ ਦੀ ਉਲਟ ਕੈਨੇਡਾ ਨੇ ਨਿੱਝਰ ਦੇ ਕਤਲ ਵਿਚ ਹੁਣ ਤਕ ਕੋਈ ਦੋਸ਼ ਆਦਿ ਨਹੀਂ ਕੀਤੇ ਅਤੇ ਨਾ ਹੀ ਆਰਸੀਐਮਪੀ ਨੇ ਨਿੱਝਰ ਦੇ ਕਤਲ ਦੀ ਜਾਂਚ ਵਿਚ ਕਿਸੇ ਤੱਥ ਦੇ ਪਤਾ ਲੱਗਣ ਦਾ ਐਲਾਨ ਕੀਤਾ। ਜਸਟਿਨ ਟਰੂਡੋ ਨੇ ਇਕ ਵਾਰ ਫਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੂੰ ਕਿਹਾ ਕਿ ਉਹ ਕਾਤਲਾਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਉਣ ਲਈ ਕੈਨੇਡੀਅਨ ਲਾਅ ਇਨਫੋਰਸਮੈਂਟ ਨਾਲ ਸਹਿਯੋਗ ਕਰੇ।

### ਭਾਰਤ ਨੇ ਕੀਤੀ ਜਾਂਚ ਸ਼ੁਰੂ

ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਕਿ ਭਾਰਤ ਨੇ ਅਮਰੀਕਾ ਵਲੋਂ ਲਗਾਏ ਦੋਸ਼ਾਂ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਜਾਂਚ ਸ਼ੁਰੂ ਕੀਤੀ ਹੈ। ਉਨ੍ਹਾਂ ਦੱਸਿਆ ਕਿ ਦੁਵੱਲੇ ਸੁਰੱਖਿਆ ਸਹਿਯੋਗ ਸਬੰਧੀ ਚਰਚਾ ਦੌਰਾਨ ਅਮਰੀਕੀ ਧਿਰ ਨੇ ਸੰਗਠਿਤ ਅਪਰਾਧੀ, ਬੰਦੂਕਾਂ ਚਲਾਉਣ ਵਾਲਿਆਂ, ਅੱਤਵਾਦੀਆਂ ਤੇ ਦੂਸਰਿਆਂ ਵਿਚਕਾਰ ਗੱਠਜੋੜ ਬਾਰੇ ਜਾਣਕਾਰੀ ਦਿੱਤੀ ਹੈ। ਇਸ ਸੰਦਰਭ ਵਿਚ ਇਹ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਭਾਰਤ ਸਰਕਾਰ ਨੇ 18 ਨਵੰਬਰ 2023 ਨੂੰ ਮਾਮਲੇ ਦੇ ਸਬੰਧਤ ਪਹਿਲੂਆਂ ਦੀ ਘੋਖ ਲਈ ਇਕ ਉੱਚ ਪੱਧਰੀ ਜਾਂਚ ਕਮੇਟੀ ਗਠਿਤ ਕੀਤੀ ਹੈ। ਬਾਗਚੀ ਨੇ ਨਿੱਝਰ ਦੇ ਕਤਲ ਅਤੇ ਦੂਸਰੇ ਤਿੰਨ ਕੈਨੇਡੀਅਨ ਸੰਭਾਵੀ ਨਿਸ਼ਾਨਿਆਂ ਜਿਨ੍ਹਾਂ ਦਾ ਅਮਰੀਕੀ ਦੋਸ਼ਾਂ ਵਿਚ ਜ਼ਿਕਰ ਹੈ ਬਾਰੇ ਕੈਨੇਡੀਅਨ ਚਿੰਤਾਵਾਂ ਨੂੰ ਦੂਰ ਨਹੀਂ ਕੀਤਾ। ਭਾਰਤ ਨੇ ਨਿੱਝਰ ਦੇ ਕਤਲ ਵਿਚ ਕਿਸੇ ਵੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ ਅਤੇ ਟਰੂਡੋ ਵਲੋਂ ਲਗਾਏ ਦੋਸ਼ਾਂ ਕਾਰਨ ਭਾਰਤ ਅਤੇ ਕੈਨੇਡਾ ਵਿਚਕਾਰ ਕੂਟਨੀਤਕ ਦਰਾੜ ਪੈਦਾ ਹੋ ਗਈ ਹੈ। ਇਸੇ ਦੌਰਾਨ ਇਹ ਗੱਲ ਸਪਸ਼ਟ ਨਹੀਂ ਕਿ ਭਾਰਤ ਦੀ ਜਾਂਚ ਵਿਚ ਹੁਣ ਤਕ ਕੋਈ ਗੱਲ ਸਾਹਮਣੇ ਆਈ ਹੈ ਜਾਂ ਨਹੀਂ ਜਾਂ ਨਤੀਜਾ ਕੀ ਹੋਵੇਗਾ।

## ਬੀਸੀ ਸਰਕਾਰ ਵਲੋਂ ਵੱਡਾ ਨਵਾਂ ਹਾਊਸਿੰਗ ਬਿੱਲ ਪਾਸ

ਸ.ਫ਼ਾ 1 ਦੀ ਬਾਕੀ

ਨੂੰ ਸੀਮਤ ਕੀਤਾ ਤਾਂ ਬਿੱਲ ਨੂੰ ਬਾਸ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਉਣਾ ਸਦਨ ਦੀ ਜ਼ਿੰਮੇਵਾਰੀ ਹੈ ਕਿ ਸਾਰੀਆਂ ਗੱਲਾਂ ਵੱਲ ਧਿਆਨ ਦਿੱਤਾ ਜਾਵੇ ਜਿਸ ਦਾ ਉਹ ਹੱਕ ਰੱਖਦੀਆਂ ਹਨ ਅਤੇ ਉਨ੍ਹਾਂ ਵਿਚ ਰੁਕਾਵਟ ਨਾ ਪਾਈ ਜਾਵੇ। ਵਿਰੋਧੀ ਧਿਰ ਨੇ ਬਿੱਲ 'ਤੇ ਬਹਿਸ ਲਈ ਸਮੇਂ ਦੀ ਘਾਟ 'ਤੇ ਅਫਸੋਸ ਜ਼ਾਹਿਰ ਕੀਤਾ ਪਰ ਪ੍ਰੀਮੀਅਰ ਡੇਵਿਡ ਏਬੀ ਨੇ ਕਿਹਾ ਕਿ ਬੀਸੀ ਮਕਾਨਾਂ ਦੇ ਸੰਕਟ ਨਾਲ ਜੂਝ ਰਿਹਾ ਹੈ।

## ਮੇਅਰ ਬਰੈਂਡਾ ਲੌਕ ਵਲੋਂ ਸਿਟੀ ਅਡਰੈੱਸ 15 ਫਰਵਰੀ ਨੂੰ



ਸਰੀ-ਇਥੋਂ ਦੀ ਮੇਅਰ ਬਰੈਂਡਾ ਲੌਕ ਆਪਣਾ ਸਾਲਾਨਾ ਭਾਸ਼ਣ ਜਿਸ ਨੂੰ ਸਟੇਟ ਆਫ ਦੀ ਸਿਟੀ ਅਡਰੈੱਸ ਕਿਹਾ ਜਾਂਦਾ ਹੈ 15 ਫਰਵਰੀ ਨੂੰ ਦੇਵੇਗੀ ਜਿਸ ਲਈ 150 ਡਾਲਰ ਪ੍ਰਤੀ ਵਿਅਕਤੀ ਅਤੇ 11 ਵਿਅਕਤੀਆਂ ਦੇ ਟੇਬਲ ਲਈ 1650 ਡਾਲਰ ਦੀ ਕੀਮਤ ਵਾਲੀਆਂ ਟਿਕਟਾਂ ਵੇਚੀਆਂ ਜਾ ਰਹੀਆਂ ਹਨ। ਉਹ ਕਲੋਵਰਡੇਲ ਡਿਸਟ੍ਰਿਕਟ ਚੈਂਬਰ ਆਫ ਕਾਮਰਸ, ਸਾਊਥ ਸਰੀ ਐਂਡ ਵਾਈਟ ਰੌਕ ਚੈਂਬਰ ਆਫ ਕਾਮਰਸ ਅਤੇ ਸਰੀ ਬੋਰਡ ਆਫ ਟਰੇਡ ਵਲੋਂ 15269 104 ਐਵੀਨਿਊ ਵਿਖੇ ਸ਼ਰਟਨ ਵੈਨਕੂਵਰ ਗਿਲਡਫੋਰਡ ਹੋਟਲ ਵਿਖੇ ਕੀਤੇ ਜਾ ਰਹੇ ਸਮਾਗਮ ਵਿਖੇ ਆਪਣੀ ਆਰਥਿਕ ਦ੍ਰਿਸ਼ਟੀ ਦੀ ਰੂਪਰੇਖਾ ਪੇਸ਼ ਕਰਨ ਲਈ ਤਿਆਰ ਹੈ। ਸਰੀ ਬੋਰਡ ਆਫ ਟਰੇਡ ਨੇ ਇਕ ਪ੍ਰੈਸ ਰਿਲੀਜ਼ ਵਿਚ ਦੱਸਿਆ ਕਿ ਇਹ ਸ਼ਹਿਰ ਨੂੰ ਮੁੜ ਊਰਜਾਵਾਨ ਬਣਾਉਣ ਅਤੇ ਸਰੀ ਲਈ ਇਕ ਨਵੀਂ ਆਰਥਿਕ ਅਤੇ ਨੌਕਰੀਆਂ ਸਬੰਧੀ ਯੋਜਨਾ ਲਈ ਉਤਸ਼ਾਹ ਪੈਦਾ ਕਰਨ ਵਾਲਾ ਮਹੱਤਵਪੂਰਣ ਸਮਾਗਮ ਹੈ। ਸਟੇਟ ਆਫ ਦੀ ਸਿਟੀ ਕਾਰੋਬਾਰੀ ਧਿਰਾਂ ਅਤੇ ਸੰਭਾਵੀ ਨਿਵੇਸ਼ਕਾਂ ਨੂੰ ਮੌਜੂਦਾ ਆਰਥਿਕ ਸੰਪਤੀਆਂ ਅਤੇ ਟੀਚਿਆਂ ਦੀ ਅੰਦਰੂਨੀ ਝਲਕ ਦਿੰਦਾ ਹੈ ਕਿਉਂਕਿ ਸਰੀ ਬ੍ਰਿਟਿਸ਼ ਕੋਲੰਬੀਆ ਦਾ ਸਭ ਤੋਂ ਵੱਡਾ ਸ਼ਹਿਰ ਬਣ ਰਿਹਾ ਹੈ।

## ਕੰਜ਼ਰਵੇਟਿਵਾਂ ਦੇ ਸਮਰਥਨ ਵਿਚ 19 ਅੰਕਾਂ ਦਾ ਹੋਇਆ ਵਾਧਾ-ਲਿਬਰਲ ਤੇ ਐਨਡੀਪੀ ਬਰਾਬਰ

ਓਟਵਾ-ਨੈਨੋਜ਼ ਵੱਲੋਂ ਕਰਵਾਏ ਗਏ ਨਵੇਂ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਘੱਟ ਗਿਣਤੀ ਲਿਬਰਲ ਸਰਕਾਰ ਤੇ ਉਨ੍ਹਾਂ ਦੀ ਕੌਨਫੀਡੈਂਸ ਐਂਡ ਸਪਲਾਈ ਭਾਈਵਾਲ ਐਨਡੀਪੀ ਨੂੰ ਬਰਾਬਰ ਸਮਰਥਨ ਮਿਲ ਰਿਹਾ ਹੈ ਜਦਕਿ ਕੰਜ਼ਰਵੇਟਿਵ ਇਸ ਸਮੇਂ 19 ਅੰਕਾਂ ਦੀ ਲੀਡ ਨਾਲ ਸੱਭ ਤੋਂ ਅੱਗੇ ਚੱਲ ਰਹੇ ਹਨ। ਨੈਨੋਜ਼ ਰਿਸਰਚ ਦੇ ਬਾਨੀ ਨਿੱਕ ਨੈਨੋਜ਼ ਨੇ ਆਖਿਆ ਕਿ ਜੇ ਲਿਬਰਲ ਅਗਲੀਆਂ ਫੈਡਰਲ ਚੋਣਾਂ ਵਿੱਚ ਜਿੱਤਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ 2024 ਵਿੱਚ ਦਾਖਲ ਹੋਣ ਸਮੇਂ ਸਾਰਾ ਕੁੱਝ ਨਵੇਂ ਸਿਰੇ ਤੋਂ ਸ਼ੁਰੂ ਕਰਨਾ ਹੋਵੇਗਾ। ਇੱਕ ਇੰਟਰਵਿਊ ਵਿੱਚ ਨਿੱਕ ਨੈਨੋਜ਼ ਨੇ ਆਖਿਆ ਕਿ ਅਜਿਹਾ ਲਿਬਰਲ ਪਾਰਟੀ ਦਾ ਨਵਾਂ ਆਗੂ ਚੁਣ ਕੇ ਵੀ ਹੋ ਸਕਦਾ ਹੈ ਤੇ ਜਾਂ ਫਿਰ ਜਸਟਿਨ ਟਰੂਡੋ ਨੂੰ ਇਹ ਦੱਸਣਾ ਹੋਵੇਗਾ ਕਿ ਉਹ ਅਜਿਹਾ ਕਿਉਂ ਮੰਨਦੇ ਹਨ ਕਿ ਉਹ ਇੱਕ ਹੋਰ ਜਿੱਤ ਦੇ ਹੱਕਦਾਰ ਹਨ। ਨੈਨੋਜ਼ ਨੇ ਦੱਸਿਆ ਕਿ ਇਸ ਸਮੇਂ ਕੰਜ਼ਰਵੇਟਿਵਾਂ ਨੂੰ 41 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ, ਜੋ ਕਿ ਪਿਛਲੇ ਚਾਰ ਹਫਤਿਆਂ ਤੋਂ ਤਿੰਨ ਅੰਕ ਵੱਧ ਹੈ ਜਦਕਿ ਲਿਬਰਲਾਂ ਨੂੰ 22 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ ਜੋ ਤਿੰਨ ਅੰਕ ਘੱਟ ਹੈ ਇਸੇ ਤਰ੍ਹਾਂ ਐਨਡੀਪੀ ਨੂੰ ਦੋ ਅੰਕਾਂ ਦਾ ਫਾਇਦਾ ਹੋਇਆ ਹੈ ਤੇ ਉਨ੍ਹਾਂ ਨੂੰ 22 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ। ਬਾਕੀ ਪਾਰਟੀਆਂ ਵਿੱਚੋਂ ਬਲਾਕ ਕਿਊਬਿਕੁਆ ਨੂੰ 61 ਫੀ ਸਦੀ ਸਮਰਥਨ ਮਿਲ ਰਿਹਾ ਹੈ, ਗ੍ਰੀਨ ਪਾਰਟੀ ਨੂੰ 55 ਫੀ ਸਦੀ ਤੇ ਪੀਪਲਜ਼ ਪਾਰਟੀ ਆਫ ਕੈਨੇਡਾ ਨੂੰ ਦੋ ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ।

## ਫੇਸਬੁੱਕ 'ਤੇ ਖ਼ਬਰਾਂ ਪਾਉਣ ਲਈ ਕੈਨੇਡਾ ਸਰਕਾਰ ਤੇ ਗੂਗਲ ਵਿਚਕਾਰ 10 ਕਰੋੜ ਡਾਲਰ ਦਾ ਸਮਝੌਤਾ

ਸ.ਫ਼ਾ 1 ਦੀ ਬਾਕੀ

ਗੂਗਲ ਨੇ ਇਸ ਤਰ੍ਹਾਂ ਦੇ ਫੰਡ ਦੀ ਵਕਾਲਤ ਕੀਤੀ ਸੀ। ਸਮਝੌਤੇ ਤਹਿਤ ਗੂਗਲ ਮਹਿੰਗਾਈ ਨੂੰ ਸੂਚੀਬੱਧ ਕਰਕੇ ਇਕ ਸਾਲ ਵਿਚ 10 ਕਰੋੜ ਡਾਲਰ ਅਦਾ ਕਰੇਗਾ ਅਤੇ ਇਹ ਪੈਸਾ ਯੋਗ ਨਿਊਜ਼ ਅਦਾਰਿਆਂ ਨੂੰ ਉਨ੍ਹਾਂ ਦੇ ਫੁੱਲ ਟਾਈਮ ਪੱਤਰਕਾਰਾਂ ਦੀ ਗਿਣਤੀ ਦੇ ਆਧਾਰਤ 'ਤੇ ਵੰਡਿਆ ਜਾਵੇਗਾ।










# ਸਟਨ ਅਲਾਇੰਸ ਰੀਐਲਟੀ ਗਰੁੱਪ ਵਲੋਂ ਸ਼ਾਨਦਾਰ ਕ੍ਰਿਸਮਸ ਪਾਰਟੀ ਦਾ ਆਯੋਜਨ

## ਮੇਅਰ ਬਰੈਂਡਾ ਲੌਕ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ





ਸਰੀ (ਦੇ ਪ੍ਰ ਬਿ)– ਬੀਤੀ ਸ਼ਾਮ ਸਟਨ ਅਲਾਇੰਸ ਰੀਐਲਟੀ ਸਰਵਿਸਜ਼ ਗਰੁੱਪ ਵਲੋਂ ਰੀਫਲੈਕਸ਼ਨ ਬੈਂਕੁਇਟ ਹਾਲ ਵਿਖੇ ਕ੍ਰਿਸਮਸ ਪਾਰਟੀ ਧੂਮਧਾਮ ਨਾਲ ਮਨਾਈ ਗਈ। ਇਸ ਮੌਕੇ ਰੀਐਲਟੀ ਗਰੁੱਪ ਦੇ ਸੀਈਓ ਰਾਜ ਖੇਲਾ, ਨਵਰਾਜ ਦੋਸਾਂਝ ਤੇ ਹੋਰ ਪ੍ਰਬੰਧਕਾਂ ਵਲੋਂ ਮਹਿਮਾਨਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਸਰੀ ਦੀ ਮੇਅਰ ਬਰੈਂਡਾ ਲੌਕ ਨੇ ਮੁੱਖ ਮਹਿਮਾਨ ਤੇ ਉਹਨਾਂ ਦੇ ਸਲਾਹਕਾਰ ਹੈਰੀ ਕੂਨਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਬੋਲਦਿਆਂ ਮੇਅਰ ਬਰੈਂਡਾ ਲੌਕ ਨੇ ਸਰੀ ਦੇ ਸਰਬਪੱਖੀ ਵਿਕਾਸ ਵਿਚ ਰੀਐਲਟਰ ਭਾਈਚਾਰੇ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਉਹਨਾਂ ਸਟਨ ਅਲਾਇੰਸ ਵਲੋਂ ਕੀਤੀ ਗਈ ਪਾਰਟੀ ਲਈ ਵਧਾਈਆਂ ਦਿੰਦਿਆਂ ਕਿਹਾ ਕਿ ਗਰੁੱਪ ਵਲੋਂ ਸਮਾਜ ਦੇ ਲੋੜਵੰਦ ਲੋਕਾਂ ਦੀ ਜੋ ਮਦਦ ਕਰਨ ਲਈ ਬਲੈਂਕਟ ਡਰਾਈਵ ਤੇ ਹੋਰ ਕਾਰਜ ਕੀਤੇ ਗਏ ਹਨ, ਉਸਤੋਂ ਉਹਨਾਂ ਦੀ ਸਮਾਜ ਪ੍ਰਤੀ ਇਕ ਜਿੰਮੇਵਾਰੀ ਦੇ ਨਾਲ ਹੋਰਨਾਂ ਨੂੰ ਵੀ ਪ੍ਰੇਰਨਾ ਮਿਲਦੀ ਹੈ। ਉਹਨਾਂ ਸਰੀ ਵਿਚ ਘਰਾਂ ਦੀ ਸਮੱਸਿਆ ਹੱਲ ਲਈ ਸਰਕਾਰ ਅਤੇ ਸਿਟੀ ਵਲੋਂ ਆਰੰਭੇ ਯਤਨਾਂ ਦਾ ਜ਼ਿਕਰ ਕਰਦਿਆਂ ਰੀਅਲ ਇਸਟੇਟ ਭਾਈਚਾਰੇ ਦੇ ਯੋਗਦਾਨ ਨੂੰ ਮਹੱਤਵਪੂਰਣ ਦੱਸਿਆ।

ਇਸ ਮੌਕੇ ਸਟਨ ਅਲਾਇੰਸ ਦੇ ਉਚ ਅਧਿਕਾਰੀਆਂ ਨੇ ਵੀ ਸੰਬੋਧਨ ਕੀਤਾ ਤੇ ਰੀਐਲਟੀ ਗਰੁੱਪ ਦੇ ਮੈਂਬਰਾਂ ਤੇ ਮਹਿਮਾਨਾਂ ਨਾਲ ਵਧਾਈਆਂ ਸਾਂਝੀਆਂ ਕੀਤੀਆਂ। ਪਾਰਟੀ ਦੌਰਾਨ ਮਹਿਮਾਨਾਂ ਨੇ ਲਜ਼ੀਜ਼ ਖਾਣਿਆਂ ਤੇ ਡਿਨਰ ਦਾ ਆਨੰਦ ਮਾਣਿਆ ਤੇ ਨਾਚ ਗਾਣੇ ਨਾਲ ਪਾਰਟੀ ਨੂੰ ਯਾਦਗਾਰੀ ਬਣਾਇਆ। ਲੱਕੀ ਡਰਾਅ ਰਾਹੀਂ ਮਹਿਮਾਨਾਂ ਨੂੰ ਆਕਰਸ਼ਕ ਤੋਹਫੇ ਵੀ ਵੰਡੇ ਗਏ।

ਤਸਵੀਰਾਂ-ਟੋਨੀ ਲੇਹਲ।



# ਨਿਊਜ਼ੀਲੈਂਡ ਦੇ ਰੇਡੀਓ ਹੋਸਟ ਹਰਨੇਕ ਸਿੰਘ 'ਤੇ ਹਮਲਾ ਕਰਨ ਦੇ ਦੋਸ਼ 'ਚ ਤਿੰਨ ਨੂੰ ਸਜ਼ਾ

ਆਕਲੈਂਡ-ਨਿਊਜ਼ੀਲੈਂਡ ਦੇ ਆਕਲੈਂਡ ਸਥਿਤ ਪ੍ਰਸਿੱਧ ਰੇਡੀਓ ਵਿਰਸਾ ਦੇ ਹੋਸਟ ਹਰਨੇਕ ਸਿੰਘ ਦੇ ਕਤਲ ਦੀ ਕੋਸ਼ਿਸ਼ ਦੇ ਦੋਸ਼ ਹੇਠ ਤਿੰਨ ਖਾਲਿਸਤਾਨੀ ਕੱਟੜਪੰਥੀਆਂ ਨੂੰ ਸਜ਼ਾ ਸੁਣਾਈ ਗਈ ਹੈ। ਦਿ ਆਸਟ੍ਰੇਲੀਆ ਟੂਡੇ ਦੀ ਰਿਪੋਰਟ ਮੁਤਾਬਕ 27 ਸਾਲਾ ਸਰਵਜੀਤ ਸਿੱਧੂ, 44 ਸਾਲਾ ਸੁਖਪ੍ਰੀਤ ਸਿੰਘ ਅਤੇ 48 ਸਾਲਾ ਆਕਲੈਂਡ ਵਾਸੀ ਅਣਪਛਾਤੇ ਵਿਅਕਤੀ ਨੂੰ ਹਰਨੇਕ ਸਿੰਘ ਦੀ ਹੱਤਿਆ ਦੀ ਕੋਸ਼ਿਸ਼ ਦਾ ਦੋਸ਼ੀ ਕਰਾਰ ਦਿੱਤਾ ਗਿਆ। ਇਹ ਤਿੰਨੇ ਹਰਨੇਕ ਸਿੰਘ ਨੂੰ ਮਾਰਨਾ ਚਾਹੁੰਦੇ ਸਨ ਕਿਉਂਕਿ ਉਹ ਖਾਲਿਸਤਾਨੀ ਵਿਚਾਰਧਾਰਾ ਵਿਰੁੱਧ ਆਵਾਜ਼ ਉਠਾਉਣ ਕਾਰਨ ਉਸ ਤੋਂ ਨਾਰਾਜ਼ ਸਨ। ਨਿਊਜ਼ੀਲੈਂਡ ਦੇ ਤਿੰਨ ਖਾਲਿਸਤਾਨੀਆਂ ਨੇ ਹਰਨੇਕ ਸਿੰਘ 'ਤੇ ਜਾਨਲੇਵਾ ਹਮਲੇ ਦੀ ਸਾਜ਼ਿਸ਼ ਰਚੀ ਸੀ। ਉਨ੍ਹਾਂ ਨੇ ਇਹ ਹਮਲਾ 23 ਦਸੰਬਰ 2020 ਨੂੰ ਕੀਤਾ ਸੀ। ਇਸ ਦੌਰਾਨ ਹਰਨੇਕ ਸਿੰਘ 'ਤੇ 40 ਤੋਂ ਵੱਧ ਵਾਰ ਚਾਕੂ ਨਾਲ ਹਮਲਾ ਕੀਤਾ ਗਿਆ। ਹਾਲਾਂਕਿ ਉਹ ਕਿਸੇ ਤਰ੍ਹਾਂ ਬਚ ਗਿਆ ਪਰ ਉਸ ਨੂੰ 350 ਤੋਂ ਵੱਧ ਟਾਂਕੇ ਲੱਗੇ ਤੇ ਅਪਰੇਸ਼ਨ ਹੋਏ। ਹਮਲੇ ਦੇ ਮਾਸਟਰਮਾਈਂਡ 48 ਸਾਲਾ ਸੁਖਪ੍ਰੀਤ ਸਿੰਘ ਨੂੰ ਸਾਢੇ 13 ਸਾਲ ਦੀ ਸਜ਼ਾ ਸੁਣਾਈ ਗਈ ਸੀ, ਜਿਸ ਵਿੱਚ ਪੈਰੋਲ ਦੀ ਯੋਗਤਾ ਤੋਂ ਪਹਿਲਾਂ ਘੱਟੋ-ਘੱਟ 9 ਸਾਲ ਦੀ ਸਜ਼ਾ ਵੀ ਸ਼ਾਮਲ ਹੈ। ਸਰਵਜੀਤ ਸਿੱਧੂ ਨੂੰ ਸਾਢੇ ਨੌਂ ਸਾਲ ਦੀ ਸਜ਼ਾ ਸੁਣਾਈ ਗਈ ਹੈ, ਜਦਕਿ ਸੁਖਪ੍ਰੀਤ ਸਿੰਘ ਨੂੰ ਛੇ ਮਹੀਨੇ ਦੀ ਘਰ ਨਜ਼ਰਬੰਦੀ ਦੀ ਸਜ਼ਾ ਸੁਣਾਈ ਗਈ ਹੈ।






# ਅਮਰੀਕਾ ਵਿਚ ਦੋਤੇ ਨੇ ਨਾਨਾ-ਨਾਨੀ ਅਤੇ ਮਾਮਾ 'ਤੇ ਚਲਾਈਆਂ ਗੋਲੀਆਂ

ਨਿਊਯਾਰਕ-ਅਮਰੀਕਾ ਦੇ ਨਿਊਜਰਸੀ ਵਿਚ ਗੁਜਰਾਤੀ ਜੋੜੇ ਅਤੇ ਉਨ੍ਹਾਂ ਦੇ ਬੇਟੇ ਦੀ ਹੱਤਿਆ ਦਾ ਮਾਮਲਾ ਸਾਹਮਣੇ ਆਇਆ ਹੈ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਤਿੰਨਾਂ ਦਾ ਕਤਲ ਜੋੜੇ ਦੇ ਦੋਤੇ ਓਮ ਨੇ ਕੀਤਾ ਸੀ। ਪੁਲਸ ਨੇ ਓਮ ਨੂੰ ਗ੍ਰਿਫਤਾਰ ਕਰ ਲਿਆ ਹੈ। ਕਤਲ ਦੇ ਪਿੱਛੇ ਦਾ ਕਾਰਨ ਹਾਲੇ ਤੱਕ ਸਪੱਸ਼ਟ ਨਹੀਂ ਹੋ ਸਕਿਆ ਹੈ। ਨਿਊਜਰਸੀ ਦੀ ਸਾਊਥ ਪਲੇਨਫੀਲਡ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕ ਪਰਿਵਾਰ ਕੋਪੋਲਾ ਡਰਾਈਵ 'ਤੇ ਇਕ ਅਪਾਰਟਮੈਂਟ 'ਚ ਰਹਿੰਦਾ ਸੀ। ਇਸ ਘਟਨਾ ਵਿੱਚ ਮਾਰੇ ਗਏ ਦਿਲੀਪ ਬ੍ਰਹਮਭੱਟ ਇੱਕ ਸੇਵਾਮੁਕਤ ਪੁਲਿਸ ਅਧਿਕਾਰੀ ਸਨ ਅਤੇ ਗੁਜਰਾਤ ਦੇ ਬਿਲੀਮੋਰਾ ਵਿੱਚ ਸਬ-ਇੰਸਪੈਕਟਰ ਵਜੋਂ ਵੀ ਕੰਮ ਕਰ ਚੁੱਕੇ ਸਨ। ਸੇਵਾਮੁਕਤੀ ਤੋਂ ਬਾਅਦ ਉਹ ਆਣੰਦ ਵਿਚ ਵਸ ਗਏ। ਇਸ ਤੋਂ ਬਾਅਦ ਉਹ ਅਮਰੀਕਾ ਰਹਿ ਰਹੇ ਆਪਣੇ ਬੇਟੇ ਕੋਲ ਚਲੇ ਗਏ। ਬੇਟੀ ਦਾ ਪੁੱਤਰ ਓਮ ਬ੍ਰਹਮਭੱਟ ਚੰਗੀ ਸਿੱਖਿਆ ਪ੍ਰਾਪਤ ਕਰ ਸਕਦਾ ਹੈ। ਇਸ ਦੇ ਲਈ ਪਰਿਵਾਰ ਨੇ ਉਸ ਨੂੰ ਅਮਰੀਕਾ ਬੁਲਾਇਆ ਸੀ। ਪਰਿਵਾਰ ਵਾਲੇ ਉਸ ਨੂੰ ਆਪਣੇ ਕੋਲ ਰੱਖ ਰਹੇ ਸਨ। ਮੁਲਜ਼ਮ ਓਮ ਬ੍ਰਹਮਭੱਟ ਦੀ ਉਮਰ ਸਿਰਫ 23 ਸਾਲ ਹੈ। ਨਿਊਜਰਸੀ ਪੁਲਿਸ ਨੂੰ 27 ਨਵੰਬਰ ਨੂੰ ਸਵੇਰੇ 9 ਵਜੇ ਦੇ ਕਰੀਬ ਗੋਲੀ ਚੱਲਣ ਦੀ ਰਿਪੋਰਟ ਮਿਲੀ ਸੀ। ਜਦੋਂ ਤੱਕ ਪੁਲਸ ਮੌਕੇ 'ਤੇ ਪਹੁੰਚੀ, ਉਦੋਂ ਤੱਕ ਦਲੀਪ ਬ੍ਰਹਮਭੱਟ ਅਤੇ ਉਸ ਦੀ ਪਤਨੀ ਬਿੰਦੂ ਬ੍ਰਹਮਭੱਟ ਦੀ ਮੌਤ ਹੋ ਚੁੱਕੀ ਸੀ, ਜਦਕਿ ਉਨ੍ਹਾਂ ਦੇ ਪੁੱਤਰ ਯਸ਼ ਬ੍ਰਹਮਭੱਟ ਦੀ ਹਾਲਤ ਨਾਜ਼ੁਕ ਬਣੀ ਹੋਈ ਸੀ। ਯਸ਼ ਨੂੰ ਹਸਪਤਾਲ ਲਿਜਾਇਆ ਗਿਆ ਪਰ ਇਲਾਜ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਗਈ।

# ਅਫਗਾਨਿਸਤਾਨ ਇਕ ਵਾਰ ਫਿਰ ਭਾਰਤ ਵਿਚ ਦੂਤਾਵਾਸ ਦਾ ਕੰਮ ਸ਼ੁਰੂ ਕਰੇਗਾ

ਕਾਬੁਲ-ਅਫਗਾਨਿਸਤਾਨ ਵਿਚ ਤਾਲਿਬਾਨ ਦੀ ਸਰਕਾਰ ਬਣਨ ਤੋਂ ਬਾਅਦ ਜਿੱਥੇ ਤਾਲਿਬਾਨ ਸਰਕਾਰ ਅਤੇ ਪਾਕਿਸਤਾਨ ਵਿਚਾਲੇ ਤਣਾਅ ਵਧਿਆ ਹੈ, ਉੱਥੇ ਹੀ ਤਾਲਿਬਾਨ ਸਰਕਾਰ ਭਾਰਤ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕਦਮ ਚੁੱਕ ਰਹੀ ਹੈ। ਤਾਜ਼ਾ ਮਾਮਲੇ ਵਿਚ ਅਫਗਾਨਿਸਤਾਨ ਇਕ ਵਾਰ ਫਿਰ ਭਾਰਤ 'ਚ ਦੂਤਾਵਾਸ ਦਾ ਕੰਮ ਸ਼ੁਰੂ ਕਰੇਗਾ। ਇਹ ਗੱਲ ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਦੇ ਉਪ ਵਿਦੇਸ਼ ਮੰਤਰੀ ਨੇ ਕਹੀ। ਤਾਲਿਬਾਨ ਦੀ ਸਰਕਾਰ ਬਣਨ ਤੋਂ ਬਾਅਦ ਦੇਸ਼ ਵਿੱਚ ਆਰਥਿਕ ਚੁਣੌਤੀਆਂ ਅਤੇ ਭੋਜਨ ਸੰਕਟ ਦੇ ਵਿਚਕਾਰ, ਭਾਰਤ ਨੇ ਮੱਦਦ ਲਈ ਭਾਰਤੀ ਕਣਕ ਪਾਕਿਸਤਾਨ ਦੇ ਰਸਤੇ ਅਫਗਾਨਿਸਤਾਨ ਭੇਜੀ। ਦੂਜੇ ਪਾਸੇ ਤਾਲਿਬਾਨ ਅਤੇ ਪਾਕਿਸਤਾਨ ਵਿਚਾਲੇ ਮਤਭੇਦ ਸਾਹਮਣੇ ਆਉਣ ਲੱਗੇ ਹਨ। ਤਾਲਿਬਾਨ ਸ਼ਾਸਨ ਦੇ ਅਧੀਨ ਉਪ ਵਿਦੇਸ਼ ਮੰਤਰੀ ਸ਼ੇਰ ਮੁਹੰਮਦ ਅੱਬਾਸ ਸਟੈਨਿਕਜ਼ਈ ਨੇ ਕਿਹਾ ਹੈ ਕਿ ਨਵੀਂ ਦਿੱਲੀ ਵਿੱਚ ਅਫਗਾਨ ਦੂਤਾਵਾਸ ਅਗਲੇ ਕੁਝ ਦਿਨਾਂ ਵਿੱਚ ਆਪਣਾ ਕੰਮ ਮੁੜ ਸ਼ੁਰੂ ਕਰੇਗਾ। ਸਟੈਨਿਕਜ਼ਈ ਨੇ ਅਫਗਾਨ ਬ੍ਰੌਡਕਾਸਟਰ ਆਰਟੀਏ ਨੂੰ ਦੱਸਿਆ ਕਿ ਹੈਦਰਾਬਾਦ ਅਤੇ ਮੁੰਬਈ ਸਥਿਤ ਅਫਗਾਨ ਕੌਂਸਲਰ ਦਫਤਰਾਂ ਦੇ ਅਧਿਕਾਰੀਆਂ ਨੇ ਕਾਬੁਲ ਦੇ ਨਿਰਦੇਸ਼ਾਂ ਤੋਂ ਬਾਅਦ ਦੂਤਾਵਾਸ ਦਾ ਦੌਰਾ ਕੀਤਾ ਸੀ। ਤਾਲਿਬਾਨ ਨੇਤਾ ਨੇ ਕਿਹਾ ਕਿ ਅਫਗਾਨਿਸਤਾਨ ਗੁਆਂਢੀ ਦੇਸ਼ਾਂ ਨਾਲ ਚੰਗੇ ਸਬੰਧ ਚਾਹੁੰਦਾ ਹੈ। ਅਫਗਾਨ ਦੂਤਘਰ 'ਤੇ ਕੰਮ ਮੁੜ ਸ਼ੁਰੂ ਕਰਨ ਬਾਰੇ ਉਨ੍ਹਾਂ ਦੀਆਂ ਟਿੱਪਣੀਆਂ ਕੁਝ ਦਿਨ ਬਾਅਦ ਆਈਆਂ ਹਨ, ਜਦੋਂ ਰਾਜਦੂਤ ਫਰੀਦ ਮਾਮੁੰਦਜੇ ਦੀ ਅਗਵਾਈ ਵਾਲੇ ਮਿਸ਼ਨ ਨੇ 'ਭਾਰਤ ਸਰਕਾਰ ਦੀਆਂ ਲਗਾਤਾਰ ਚੁਣੌਤੀਆਂ' ਦਾ ਹਵਾਲਾ ਦਿੰਦੇ ਹੋਏ ਦੂਤਾਵਾਸ ਨੂੰ ਸਥਾਈ ਤੌਰ 'ਤੇ ਬੰਦ ਕਰਨ ਦਾ ਐਲਾਨ ਕੀਤਾ ਸੀ।

# ਲੰਡਨ ਤੋਂ ਨਿਊਯਾਰਕ ਲਈ ਜਹਾਜ਼ ਨੇ ਬਿਨ੍ਹਾਂ ਤੇਲ ਦੇ ਉਡਾਨ ਭਰੀ

ਲੰਡਨ-ਵਿਗਿਆਨੀਆਂ ਨੇ ਦੁਨੀਆਂ ਵਿਚ ਪਹਿਲੀ ਵਾਰ ਬਿਨ੍ਹਾਂ ਤੇਲ ਭਾਵ ਜੈਵਿਕ ਈਂਧਨ ਦੇ ਜਹਾਜ਼ ਉਡਾ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਦੁਨੀਆ 'ਚ ਪਹਿਲੀ ਵਾਰ ਕਿਸੇ ਜਹਾਜ਼ ਨੇ ਲੰਡਨ ਤੋਂ ਨਿਊਯਾਰਕ ਤੱਕ ਬਿਨ੍ਹਾਂ ਈਂਧਨ ਦੇ ਉਡਾਨ ਭਰ ਕੇ ਨਵੀਂ ਕ੍ਰਾਂਤੀ ਲਿਆਂਦੀ ਹੈ। ਇਹ ਜਹਾਜ਼ ਪੂਰੀ ਤਰ੍ਹਾਂ ਉੱਚ ਚਰਬੀ ਵਾਲੇ ਅਤੇ ਘੱਟ ਨਿਕਾਸੀ ਵਾਲੇ ਬਾਲਣ ਦੁਆਰਾ ਸੰਚਾਲਿਤ ਸੀ। ਇਹ ਪਹਿਲਾ ਵਪਾਰਕ ਜਹਾਜ਼ ਹੈ ਜਿਸ ਨੇ ਜੈਵਿਕ ਬਾਲਣ ਤੋਂ ਬਿਨ੍ਹਾਂ ਲੰਡਨ ਤੋਂ ਨਿਊਯਾਰਕ ਦੀ ਦੂਰੀ ਨੂੰ ਪੂਰਾ ਕਰਕੇ ਮੰਗਲਵਾਰ ਨੂੰ



ਇਤਿਹਾਸਕ ਉਡਾਨ ਭਰੀ। ਇਸ ਦੌਰਾਨ ਇਸ ਨੇ ਅਟਲਾਂਟਿਕ ਮਹਾਸਾਗਰ ਨੂੰ ਪਾਰ ਕੀਤਾ, ਜਿਸ ਨੂੰ 'ਜੈੱਟ ਜ਼ੀਰੋ' ਕਿਹਾ ਜਾ ਰਿਹਾ ਹੈ। ਹਵਾਬਾਜ਼ੀ ਕੰਪਨੀ 'ਵਰਜਿਨ ਐਟਲਾਂਟਿਕ' ਦੇ ਬੋਇੰਗ-787 ਜਹਾਜ਼ ਨੂੰ ਜੈਵਿਕ ਬਾਲਣ ਦੀ ਵਰਤੋਂ ਕੀਤੇ ਬਿਨ੍ਹਾਂ ਚਲਾਇਆ ਗਿਆ ਸੀ। ਇਸ ਉਡਾਨ ਲਈ ਵਰਤਿਆ ਜਾਣ ਵਾਲਾ ਹਵਾਬਾਜ਼ੀ ਬਾਲਣ ਫਾਲਤੂ ਚਰਬੀ ਤੋਂ ਬਣਾਇਆ ਗਿਆ ਸੀ। ਵਰਜਿਨ ਦੇ ਸੰਸਥਾਪਕ ਰਿਚਰਡ ਬ੍ਰੈਨਸਨ ਨੇ ਕਿਹਾ ਕਿ ਜਦੋਂ ਤੱਕ ਤੁਸੀਂ ਕੁਝ ਖਾਸ ਨਹੀਂ ਕਰਦੇ, ਦੁਨੀਆਂ ਹਮੇਸ਼ਾ ਇਹ ਮੰਨਦੀ ਹੈ ਕਿ ਇਹ ਨਹੀਂ ਕੀਤਾ ਜਾ ਸਕਦਾ। ਬ੍ਰੈਨਸਨ ਖੁਦ ਕਾਰਪੋਰੇਟ ਅਤੇ ਸਰਕਾਰੀ ਅਧਿਕਾਰੀਆਂ, ਇੰਜੀਨੀਅਰਾਂ ਅਤੇ ਪੱਤਰਕਾਰਾਂ ਸਮੇਤ ਹੋਰ ਲੋਕਾਂ ਨਾਲ ਜਹਾਜ਼ ਵਿੱਚ ਸਵਾਰ ਸਨ।










## ਗ੍ਰਹਿ ਪਰਵੇਸ਼ ਤੇ ਵਧਾਈਆਂ



ਵਿੰਨੀਪੈਗ ਦੇ ਰਮਨਦੀਪ ਸਿੰਘ ਅਤੇ ਮਨਪ੍ਰੀਤ ਕੌਰ ਵਲੋਂ ਆਪਣੇ ਨਵੇਂ ਘਰ ਦੇ ਗ੍ਰਹਿ ਪ੍ਰਵੇਸ਼ ਮੌਕੇ ਗੁਰੂ ਦਾ ਓਟ ਆਸਰਾ ਲਿਆ ਗਿਆ। ਇਸ ਮੌਕੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਗੁਰੂ ਕੇ ਲੰਗਰ ਅਤੁਟ ਵਰਤਾਏ ਗਏ। ਇਸ ਮੌਕੇ ਹਾਜ਼ਰ ਸੰਗਤਾਂ ਵਿਚ ਸਕੇ ਸਬੰਧੀਆਂ ਤੇ ਦੋਸਤਾਂ ਮਿੱਤਰਾਂ ਨੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ।

# ਮਿੰਨੀ ਕਹਾਣੀ -ਦਇਆ ਭਾਵਨਾ



ਪਰਮਿੰਦਰ ਸਿੰਘ ਚੋਹਲਾ
98155-61022



ਕਾਰ ਵਿੱਚ ਜਾ ਰਹੇ "ਗੁਰਮਨ" ਨੇ, ਦਾਦਾ ਜੀ 'ਵੱਲ ਮੂੰਹ ਕਰਕੇ ਤੋਤਲੀ ਜੁਬਾਨ ਨਾਲ ਪੁੱਛਿਆ, ਸਵੇਰੇ "ਬਾਬਾ ਜੀ" ਟੀ.ਵੀ. ਵਿੱਚ ਕਹਿ ਰਹੇ ਸੀ, ਕਿ ਸਾਨੂੰ ਦਇਆ ਭਾਵਨਾ ਰੱਖਣੀ ਚਾਹੀਦੀ ਹੈ, ਕੀ ਹੁੰਦੀ 'ਏ ਦਇਆ ਭਾਵਨਾ। ਦਾਦਾ ਬਿਸ਼ਨ ਸਿੰਘ ਸੋਚੀਂ ਪੈ ਗਿਆ ਕਿ ਛੋਟੇ ਜਿਹੇ ਬੱਚੇ ਨੂੰ ਕਿਸ ਤਰਾਂ ਸਮਝਾਵਾਂ, ਇੰਨੇ ਨੂੰ ਉਹਨਾਂ ਦੇ ਸਾਹਮਣੇ ਸ਼ੜਕ 'ਤੇ ਦੋ ਕਾਰਾਂ ਦੀ ਆਪਸ ਵਿੱਚ ਟੱਕਰ ਹੋਣ ਕਾਰਨ ਕਾਫੀ ਲੋਕ ਜਖਮੀਂ ਹੋ ਗਏ ਸਨ। ਰਾਹਗੀਰ ਕਾਰਾਂ ਵਿੱਚੋਂ ਜਖਮੀਆਂ ਨੂੰ ਚੁੱਕ ਕੇ ਸ਼ੜਕ ਕਿਨਾਰੇ ਲਿਟਾ ਰਹੇ ਸੀ, ਦਾਦਾ ਬਿਸ਼ਨ ਸਿੰਘ ਨੇ ਵੀ ਆਪਣੀ ਕਾਰ ਰੋਕੀ, ਪਾਣੀ ਦੀਆਂ ਬੋਤਲਾਂ ਲੈਕੇ ਜਖਮੀਆਂ ਨੂੰ ਪਾਣੀ ਪਿਆਇਆ 'ਤੇ ਨਾਲ ਹੀ ਕਾਰ ਵਿੱਚ ਪਏ, 'ਫਸਟ ਏਡ ਬਾਕਸ' ਵਿੱਚੋਂ ਦਵਾਈਆਂ ਕੱਢਕੇ ਜਖਮੀਆਂ ਦੀ ਮਲਮ ਪੱਟੀ ਕਰਨੀ ਸ਼ੁਰੂ ਕਰ ਦਿੱਤੀ। ਕੁਝ ਸਮੇਂ ਵਿੱਚ ਐਬੂਲੈਂਸ ਗੱਡੀਆਂ ਆਈਆਂ ਜੋ ਜ਼ਖਮੀਆਂ ਨੂੰ ਤੁਰੰਤ ਹਸਪਤਾਲ ਵੱਲ ਲੈ ਤੁਰੀਆਂ। ਹੁਣ "ਦਾਦਾ ਜੀ" ਵਾਪਿਸ ਕਾਰ ਵਿੱਚ ਆਏ ਅਤੇ ਪੋਤਰੇ "ਗੁਰਮਨ" ਦੀਆਂ ਗੱਲਾਂ 'ਤੇ ਹੱਥ ਲਗਾਕੇ ਦੱਸਣ ਲੱਗੇ, ਪੁੱਤਰ ਜੀ, ਜਦੋਂ ਅਸੀਂ ਜਰੂਰਤਮੰਦ ਦੀ ਬਿਨਾਂ ਕਿਸੇ ਫਾਇਦੇ-ਨੁਕਸਾਨ ਤੋਂ ਤੁਰੰਤ ਮਦਦ ਕਰਦੇ ਹਾਂ, ਇਸਨੂੰ ਦਇਆ ਭਾਵਨਾ ਆਖਦੇ ਨੇ । ਇਹ ਸੁਣ ਗੁਰਮਨ ਸਿਰ ਹਿਲਾਉਂਦਾਂ ਆਖਣ ਲੱਗਾ, "ਦਾਦਾ ਜੀ, ਬਹੁਤ ਵਧੀਆ ਹੁੰਦੀ ਏ "ਦਇਆ ਭਾਵਨਾ"।




# ਚੀਫ ਇੰਜੀਨੀਅਰ ਆਰ ਐਸ ਰੰਧਾਵਾ ਦਾ ਸਰੀ ਵਿਚ ਸਵਾਗਤ





ਸਰੀ- ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਚੀਫ ਇੰਜੀਨੀਅਰ ਆਰ ਐਸ ਰੰਧਾਵਾ ਦੇ ਕੈਨੇਡਾ ਦੌਰੇ ਦੌਰਾਨ ਉਹਨਾਂ ਦੇ ਸਰੀ ਪੁੱਜਣ ਤੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਉਹਨਾਂ ਨਾਲ ਮਿਰਾਜ਼ ਬੈਂਕੁਇਟ ਹਾਲ ਦੇ ਡਾਇਰੈਕਟਰ ਜਥੇਦਾਰ ਗੁਰਚਰਨ ਸਿੰਘ ਖੱਖ, ਕੁਲਵਿੰਦਰ ਸਿੰਘ ਬਦੇਸ਼ਾ, ਰੀਐਲਟਰ ਸੁਖਜੀਤ ਮਾਨ ਤੇ ਦੇਸ ਪ੍ਰਦੇਸ ਟਾਈਮਜ਼ ਦੇ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ ।


ਸੇਲ... ਸੇਲ... ਭਾਰੀ ਸੇਲ...

ਕਰੇਜੀ ਫੈਬਰਿਕਸ ਵੇਅਰਹਾਊਸ ਕੈਸ਼ ਐਂਡ ਕੈਰੀ

ਓਵਰਸੀਜ਼ ਫੈਸ਼ਨਜ ਐਂਡ ਫੈਬਰਿਕਸ ਦੀ ਬੈਕ ਡੋਰ

32853 ਵੈਨਚੁਰਾ ਐਵਨਿਊ ਐਬਸਫੋਰਡ, ਬੀ ਸੀ।



ਸਟੋਰ ਵਿਚ ਆਓ ਤੇ ਕਾਰਾਂ ਭਰਕੇ ਲੈ ਜਾਵੋ- ਇਹ ਕੇਵਲ ਨਮੂਨਾਂ ਕੀਮਤਾਂ ਹਨ।

- ਜੈਕਟਾਂ, ਕੋਟੀਆਂ, ਇੰਗਲੈਂਡੀ ਕੋਟੀਆਂ, ਕੰਬਲ, ਸੂਟਕੇਸ-12 ਡਾਲਰ ਤੋਂ ਸ਼ੁਰੂ
- 8 ਕਿਲੋ, 6 ਕਿੱਲੋ ਭਾਰ ਵਾਲੇ ਤੇ ਵਧੀਆ ਕੰਬਲ-2 ਖਰੀਦੋ-50 ਡਾਲਰ ਬਚਾਓ।
- ਸੋਫੇ ਬਣਾਉਣ ਤੇ ਢੱਕਣ ਵਾਲਾ ਕੱਪੜਾ-5 ਮੀਟਰ ਖਰੀਦੋ-5 ਮੀਟਰ ਕੱਪੜਾ ਮੁਫਤ।
- ਕੋਟ ਪੈਂਟਾਂ ਦਾ ਵਧੀਆ ਕੱਪੜਾ ਅਤੇ ਪ੍ਰਿੰਟਿਡ ਸ਼ਨੀਲ 10 ਕਿਸਮਾਂ ਦੀ
- 3 ਸੂਟ ਖਰੀਦੋ-2 ਸੂਟ ਮੁਫਤ ਲਵੋ।
- ਟਰੱਕਾਂ ਤੇ ਸੀਕਿਊਰਿਟੀ ਵਾਲੇ ਵੀਰਾਂ ਲਈ ਸੀਕਿਊਰਿਟੀ ਜੈਕਟਾਂ
- ਰੈਗੂਲਰ ਕੀਮਤ 110 ਡਾਲਰ ਵਾਲੀ ਜੈਕਟ-2 ਜੈਕਟਾਂ ਕੇਵਲ 99 ਡਾਲਰ ਵਿਚ ਖਰੀਦੋ।
- ਟਰੈਕ ਸੂਟ ਤੇ ਫਲੀਸ ਸੂਟ-ਕੇਵਲ 20 ਡਾਲਰ ਤੋਂ ਸ਼ੁਰੂ

5 ਦਿਨਾਂ ਲਈ ਸਮਾਂ ਦੁਪਹਿਰ 1 ਵਜੇ ਤੋਂ ਸ਼ਾਮ 5 ਵਜੇ ਤੱਕ (ਐਤਵਾਰ ਅਤੇ ਸੋਮਵਾਰ ਬੰਦ)

ਸੇਲ ਸਮਾਂ-ਦੁਪਹਿਰ 1 ਵਜੇ ਤੋਂ ਸ਼ਾਮ 5 ਵਜੇ ਤੱਕ (ਐਤਵਾਰ ਤੇ ਸੋਮਵਾਰ ਬੰਦ)

Contact Us 604-825-4342

Email:overseasfabrics@gmail.com, www.overseasfabrics.com

Head Office:32853 Ventura Ave Abbotsford, BC V2S 6A3 Canada

Crazy Fabric Warehouse
Phone: 780-340-3474
Address: 9123 35 Ave NW, Edmonton, AB T6E 5Y1, Canada

Overseas Fashion & Fabrics
Phone: 204-779-9900
Address: 829 Ellice Ave, Winnipeg, MB R3G 0C3, Canada


# ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵੱਲੋਂ ਸ਼ਾਨਦਾਰ ਕਵੀ ਦਰਬਾਰ














ਵੈਨਕੂਵਰ, (ਜੁਗਿੰਦਰ ਸਿੰਘ ਸੁੰਨੜ)-ਖਾਲਸਾ ਦੀਵਾਨ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਸੰਬੰਧ ਵਿਚ ਚਾਰ ਹਫਤਿਆਂ ਦੇ ਪ੍ਰੋਗਰਾਮ ਉਲੀਕੇ ਗਏ ਸਨ। ਨਵੰਬਰ ਦੇ ਪਹਿਲੇ ਹਫਤੇ ਸਰਬ-ਧਰਮ ਸੰਮੇਲਨ ਕਰਵਾਇਆ ਗਿਆ, ਜਿਸ ਵਿਚ 8 ਧਰਮਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਦੂਸਰੇ ਹਫਤੇ ਤਿੰਨ ਢਾਡੀ ਜਥੇ ਬੁਲਾ ਕੇ ਢਾਡੀ ਦਰਬਾਰ ਕਰਵਾਇਆ ਗਿਆ। ਤੀਸਰੇ ਹਫਤੇ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਨਾਮਵਰ ਕਵੀਆਂ ਨੇ ਭਾਗ ਲਿਆ। ਕਵੀ ਦਰਬਾਰ ਦੀ ਸ਼ੁਰੂਆਤ ਜੁਗਿੰਦਰ ਸਿੰਘ ਸੁੰਨੜ ਨੇ ਕੀਤੀ। ਉਪਰੰਤ ਕ੍ਰਮਵਾਰ 12 ਕਵੀਆਂ ਨੂੰ ਬੁਲਾਇਆ ਗਿਆ। ਇਸ ਵਿਚ ਕੇਂਦਰੀ ਲੇਖਕ ਸਭਾ ਉੱਤਰੀ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ



ਆਪਣੇ ਨਾਮਵਰ ਕਵੀ ਪਲਵਿੰਦਰ ਸਿੰਘ ਰੰਧਾਵਾ, ਅਮਰੀਕ ਸਿੰਘ ਲੇਹਲ ਅਤੇ ਸੁਰਜੀਤ ਸਿੰਘ ਮਾਧੋਪੁਰੀ ਸਮੇਤ ਪਹੁੰਚੇ ਹੋਏ ਸਨ। ਹੋਰ ਕਵੀਆਂ ਵਿਚ ਸੁਰਿੰਦਰ ਸਿੰਘ ਜੱਬਲ, ਮੋਹਣ ਸਿੰਘ ਗਿੱਲ, ਗੁਰਬਖਸ਼ ਸਿੰਘ ਸਿੱਧੂ, ਜਿਲੇ ਸਿੰਘ, ਰਜਿੰਦਰ ਸਿੰਘ ਪੰਧੇਰ, ਹਰਮੋਹਨ ਸਿੰਘ ਅਤੇ ਕੁਲਦੀਪ ਸਿੰਘ ਜਗਪਾਲ ਸ਼ਾਮਲ ਹੋਏ। ਸਾਰੇ ਕਵੀਆਂ ਨੇ ਕੇਂਦਰ ਬਿੰਦੂ ਗੁਰੂ ਨਾਨਕ ਜੀ ਦੀ ਵਿਚਾਰਧਾਰਾ, ਗੁਰਬਾਣੀ ਤੇ ਸਿੱਖਿਆ 'ਤੇ ਰੱਖਿਆ। ਅਖੀਰ ਵਿਚ ਕਵੀਆਂ ਨੂੰ ਪਲੇਕਾਂ ਅਤੇ ਤੋਹਫਿਆਂ ਨਾਲ ਸਨਮਾਨਿਤ ਕੀਤਾ ਗਿਆ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਥਾਂਦੀ ਤੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਕਵੀਆਂ ਨਾਲ ਯਾਦਗਾਰੀ ਤਸਵੀਰਾਂ ਖਿਚਵਾਈਆਂ। ਗੁਰੂ ਨਾਨਕ ਜੀ ਦੇ ਆਗਮਨ ਪੁਰਬ 'ਤੇ ਕਰਵਾਇਆ ਗਿਆ ਕਵੀ ਦਰਬਾਰ ਸਫਲਤਾਪੂਰਵਕ ਸੰਪੰਨ ਹੋਇਆ। 25 ਨਵੰਬਰ ਸ਼ਨੀਵਾਰ ਦਾ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ। 26 ਨਵੰਬਰ ਐਤਵਾਰ ਨੂੰ ਹਰਜਸ ਕੀਰਤਨ ਕਰਵਾਇਆ ਗਿਆ। 27 ਨਵੰਬਰ ਸੋਮਵਾਰ ਨੂੰ ਗੁਰਪੁਰਬ ਦੇ ਦਿਹਾੜੇ ਮੌਕੇ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਗਿਆ। ਅਖੰਡ ਪਾਠ ਦੀ ਸਮਾਪਤੀ ਉਪਰੰਤ ਸਾਰਾ ਦਿਨ ਕੀਰਤਨ ਚੱਲਦਾ ਰਿਹਾ। ਸੰਗਤਾਂ ਗੁਰੂਘਰ ਵਿਖੇ ਨਤਮਸਤਕ ਹੁੰਦੀਆਂ ਰਹੀਆਂ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਗੁਰੂਘਰ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਥਾਂਦੀ ਤੇ ਸਮੁੱਚੀ ਕਮੇਟੀ ਨੇ ਸੰਗਤਾਂ ਦਾ ਧੰਨਵਾਦ ਕੀਤਾ।










# ਇਟਲੀ 'ਚ ਪੰਜਾਬੀ ਕਾਮਿਆਂ ਵੱਲੋਂ ਆਪਣੇ ਹੱਕਾਂ ਲਈ ਰੋਸ ਮੁਜ਼ਾਹਰਾ 2 ਦਸੰਬਰ ਨੂੰ

## ਸ਼ਾਂਤਮਈ ਢੰਗ ਨਾਲ ਕੀਤੇ ਜਾ ਰਹੇ ਪ੍ਰਦਰਸ਼ਨ 'ਚ ਵੱਧ-ਚੜ੍ਹ ਕੇ ਪਹੁੰਚਣ ਪੰਜਾਬੀ

ਰੋਮ (ਇਟਲੀ) (ਗੁਰਸ਼ਰਨ ਸਿੰਘ ਸੋਨੀ)-ਉੱਤਰੀ ਇਟਲੀ ਦੇ ਕਰੇਮੋਨਾ ਜਿਲ੍ਹੇ ਦੇ ਕਸਬਾ ਵੇਸਕੋਵਾਤੋ ਵਿਖੇ ਸਥਿਤ ਪਰੋਸੁੱਸ ਮੀਟ ਦੀ ਫੈਕਟਰੀ ਵਿੱਚੋਂ ਕੱਢੇ ਕੰਮ ਤੋਂ ਕੱਢੇ ਗਏ 60 ਪੰਜਾਬੀ ਵਰਕਰ ਜੋ ਕਿ 16 ਅਕਤੂਬਰ2. 2023 ਤੋਂ ਲਗਾਤਾਰ ਵਰਦੇ ਮੀਹ ਅਤੇ ਠੰਡ ਵਿੱਚ ਧਰਨੇ ਤੇ ਬੈਠੇ ਹੋਏ ਹਨ ਤਾਂ ਕਿ ਉਹਨਾਂ ਨੂੰ ਕੰਮ ਤੇ ਵਾਪਸ ਬੁਲਾਇਆ ਜਾਵੇ। ਜੋ ਕਿ ਪਿਛਲੇ 15-20 ਸਾਲਾਂ ਤੋਂ ਉਸ ਮੀਟ ਦੀ ਫੈਕਟਰੀ ਵਿੱਚ ਕੰਮ ਕਰ ਰਹੇ ਹਨ ਅਤੇ ਅਚਾਨਕ ਇਹਨਾਂ ਨੂੰ ਕੰਮ ਤੋਂ ਕੱਢ ਦਿੱਤਾ ਗਿਆ ਸੀ। ਇਹ ਸਾਰੇ ਵਰਕਰ ਯੂਨੀਅਨ ਯੂ ਐਸ ਬੀ ਦੇ ਮੈਂਬਰ ਹਨ।ਵੀਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਇਹਨਾਂ ਕਾਮਿਆਂ ਦੀ ਸੰਸਥਾ ਯੂ.ਐਸ.ਬੀ ਜੋ ਕਿ ਇਹਨਾਂ ਦੇ ਹੱਕਾਂ ਲਈ ਕਨੂੰਨੀ ਲੜ੍ਹਾਈ ਵੀ ਲੜ ਰਹੀ ਹੈ,ਵੱਲੋਂ ਸਰਕਾਰ ਦੇ ਕੰਨਾਂ ਤੱਕ ਇਹਨਾਂ ਦੀ ਆਵਾਜ਼ ਪਹੁੰਚਾਣ ਦੇ ਲਈ ਕਰੇਮੋਨਾ ਸ਼ਹਿਰ ਦੇ ਵੀਆ ਮਾਨਤੋਵਾ ਦੀ ਪਾਰਕਿੰਗ ਵਿਖੇ 2 ਦਸੰਬਰ 2023 ਦਿਨ ਸ਼ਨੀਵਾਰ ਨੂੰ ਦੁਪਹਿਰ ਢਾਈ ਵਜੇ ਇਕ ਭਾਰੀ ਰੋਸ ਪ੍ਰਦਰਸ਼ਨ ਸ਼ਾਂਤਮਈ ਢੰਗ ਨਾਲ ਕੀਤਾ ਜਾ ਰਿਹਾ ਹੈ। ਜਿਸ ਵਿੱਚ ਇਹਨਾਂ ਵੀਰਾਂ ਵੱਲੋਂ ਸਾਰੇ ਪੰਜਾਬੀ ਭਾਈਚਾਰੇ ਨੂੰ ਪੁਰਜੋਰ ਅਪੀਲ ਕੀਤੀ ਜਾਂਦੀ ਹੈ ਕਿ ਵਧ ਚੜ ਕੇ ਇਹਨਾਂ ਦਾ ਸਾਥ ਇਸ ਰੋਸ ਪ੍ਰਦਰਸ਼ਨ ਵਿੱਚ ਦਿਓ ਤਾਂ ਕਿ ਇਨਾ ਦੀ ਆਵਾਜ਼ ਸਰਕਾਰ ਤੱਕ ਪਹੁੰਚ ਸਕੇ ਅਤੇ ਇਹਨਾਂ ਨੂੰ ਆਪਣੇ ਕੰਮਾ ਤੇ ਵਾਪਸ ਬੁਲਾਇਆ ਜਾਵੇ। ਜਿਕਰਯੋਗ ਹੈ ਕਿ ਇਸ ਪ੍ਰਦਰਸ਼ਨ ਵਿੱਚ ਇਹਨਾਂ ਦੀ ਸੰਸਥਾ ਵੱਲੋਂ ਵੀ ਇਟਲੀ ਦੇ ਵੱਖ ਵੱਖ ਭਾਗਾਂ ਤੋਂ ਸ਼ਿਰਕਤ ਕੀਤੀ ਜਾਵੇ।



# ਇਟਲੀ ਚ ਲੇਖਕ ਬਿੰਦਰ ਕੋਲੀਆਂਵਾਲ ਦਾ ਨਾਵਲ 'ਪਾਂਧੀ ਉਸ ਪਾਰ ਦੇ' ਰਿਲੀਜ਼

ਰੋਮ, ਇਟਲੀ (ਗੁਰਸ਼ਰਨ ਸਿੰਘ ਸੋਨੀ) ਇਟਲੀ ਦੀ ਧਰਤੀ ਤੇ ਵਸਦੇ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਅਤੇ ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਪ੍ਰਧਾਨ ਬਿੰਦਰ ਕੋਲੀਆਂਵਾਲ ਦਾ ਨਵਾਂ ਨਾਵਲ ਪਾਂਧੀ ਉਸ ਪਾਰ ਦੇ ਬੀਤੇ ਦਿਨ ਵੈਰੋਨਾ ਨੇੜਲੇ ਸ਼ਹਿਰ ਕਲਦੀਏਰੋ ਵਿਖੇ ਲੋਕ ਅਰਪਣ ਕੀਤਾ ਗਿਆ।ਇਸ ਨਾਵਲ ਨੂੰ ਜਾਰੀ ਕਰਨ ਸਬੰਧੀ ਸਾਹਿਤ ਸੁਰ ਸੰਗਮ ਸਭਾ ਇਟਲੀ ਦੁਆਰਾ ਇਕ ਵਿਸ਼ੇਸ਼ ਇਕੱਤਰਤਾ ਵੈਰੋਨਾ ਨੇੜਲੇ ਸ਼ਹਿਰ ਕਲਦੀਏਰੋ ਵਿਖੇ ਕੀਤੀ ਗਈ।ਸਾਦੇ ਪ੍ਰੰਤੂ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਨਵੇਂ ਨਾਵਲ ਦੀ ਘੁੰਡ ਚਕਾਈ ਮੌਕੇ ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਆਹੁਦੇਦਾਰ ਅਤੇ ਸਭਾ ਨਾਲ਼ ਜੁੜੇ ਅਨੇਕਾਂ ਲੇਖਕ ਹਾਜਿਰ ਸਨ।ਇਸ ਮੌਕੇ ਵਿਸ਼ੇਸ਼ ਕਵੀ ਦਰਬਾਰ ਵੀ ਕੀਤਾ ਗਿਆ।ਸਮਾਗਮ ਦੌਰਾਨ ਪੰਜਾਬ ਦੀ ਧਰਤੀ ਤੋਂ ਪਹੁੰਚੇ ਪ੍ਰਸਿੱਧ ਲੇਖਕ ਚਰਨਜੀਤ ਸਿੰਘ ਜੋਗੀ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।



# ਬੋਰਗੋ ਹਰਮਾਦਾ (ਲਾਤੀਨਾ) ਵਿਖੇ ਸੀ ਜੀ ਆਈ ਐਲ ਨੇ ਮਜ਼ਦੂਰ ਵਰਗ ਦੀਆਂ ਦਰਪੇਸ਼ ਮੁਸ਼ਕਿਲਾਂ ਲਈ ਖੋਲਿਆ ਦਫ਼ਤਰ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) -ਇਟਲੀ ਵਿੱਚ ਮਜ਼ਦੂਰ ਵਰਗ ਜਾਂ ਪ੍ਰਵਾਸੀ ਮਜ਼ਦੂਰਾਂ ਲਈ ਸੰਘਰਸ਼ ਕਰਦੀ ਇਟਲੀ ਦੀ ਪ੍ਰਸਿੱਧ ਟਰੇਡ ਯੂਨੀਅਨ ਸੀ ਜੀ ਆਈ ਐਲ ਜਿਸ ਨੂੰ 9 ਜੂਨ 1944 ਈਂ : ਨੂੰ ਉੱਘੇ ਮਜ਼ਦੂਰ ਆਗੂ ਜੁਸੇਪੇ ਵਿਤੋਰੀਓ ਨੇ ਰੋਮ ਵਿਖੇ ਸਥਾਪਿਤ ਕੀਤਾ ਚਾਹੇ ਕਿ ਇਹ ਜੱਥੇਬੰਦੀਆਂ 1891ਈ: ਤੋਂ ਜਮੀਨੀ ਪੱਧਰ ਤੇ ਕੰਮ ਕਰ ਰਹੀ ਸੀ ਪਰ ਇਸ ਨੂੰ ਸਹੀ ਪਹਿਚਾਣ 1944 ਵਿੱਚ ਹੀ ਮਿਲੀ।ਪਿਛਲੇ ਕਈ ਦਹਾਕਿਆਂ ਤੋਂ ਇਟਲੀ ਦੇ ਮਜ਼ਦੂਰਾਂ ਨਾਲ ਮੋਢੇ ਨਾਲ ਮੋਢਾ ਲਾ ਖੜ੍ਹਦੀ ਆ ਰਹੀ ਇਹ ਜੱਥੇਬੰਦੀ 30 ਦੇਸ਼ਾਂ ਵਿੱਚ ਸਰਗਰਮ ਹੈ ਜਿਸ ਤਹਿਤ ਕਿ ਇਸ ਦੇ 5 ਮਿਲੀਅਨ ਤੋਂ ਵੀ ਵੱਧ ਮੈਂਬਰ ਹਨ ਜਿਹੜੇ ਕਿ ਲੋਕ ਹਿੱਤਾਂ ਲਈ ਜੂਝ ਰਹੇ ਹਨ।ਇਟਲੀ ਵਿੱਚ ਮਜ਼ਦੂਰ ਵਰਗ ਦਾ ਜਦੋਂ ਵੀ ਸੋਸ਼ਣ ਹੁੰਦਾ ਹੈ ਤਾਂ ਜੱਥੇਬੰਦੀ ਨੇ ਸੰਘਰਸ਼ ਵਿੱਢਿਆ ਤੇ ਜਿੱਤ ਪ੍ਰਾਪਤ ਕੀਤੀ।ਸੀ ਜੀ ਆਈ ਐਲ ਇਸ ਸਮੇਂ ਇਟਲੀ ਦੇ ਮਜ਼ਦੂਰ ਵਰਗ ਦੀ ਬੇਹੱਦ ਹਰਮਨ ਪਿਆਰੀ ਜੱਥੇਬੰਦੀ ਹੋਣ ਦਾ ਮਾਣ ਰੱਖਦੀ ਹੈ ਤੇ ਨਿੱਤ ਮਜ਼ਦੂਰਾਂ ਨਾਲ ਜਮੀਨੀ ਪੱਧਰ ਤੇ ਜੁੜਦੀ ਜਾ ਰਹੀ ਹੈ।ਮਜ਼ਦੂਰ ਵਰਗ ਦੀਆਂ ਦਰਪੇਸ਼ ਮੁਸ਼ਕਿਲਾਂ ਨੂੰ ਹੱਲ ਕਰਨ ਤੇ ਉਹਨਾਂ ਨੂੰ ਇਟਲੀ ਦੇ ਕਾਨੂੰਨ ਸੰਬਧੀ ਵਿਸਥਾਰਪੂਰਵਕ ਜਾਣਕਾਰੀ ਦੇਣ ਹਿੱਤ ਹੀ ਇਟਲੀ ਦੇ ਮਿੰਨੀ ਪੰਜਾਬ ਸਮਝੇ ਜਾਣ ਵਾਲਾ ਸੂਬਾ ਲਾਸੀਓ ਦੇ ਜ਼ਿਲ੍ਹਾ ਲਾਤੀਨਾ ਦੇ ਸ਼ਹਿਰ ਬੋਰਗੋ ਹਰਮਾਦਾ ਤੇਰਾਚੀਨਾ ਵਿਖੇ ਸੀ ਜੀ ਆਈ ਐਲ ਨੇ ਆਪਣਾ ਦਫ਼ਤਰ ਖੋਲਿਆ ਹੈ ਜਿਸ ਦਾ ਉਦਘਾਟਨ ਜੱਥੇਬੰਦੀ ਦੀ ਕੌਮੀ ਸੈਕਟਰੀ ਸਿਲਵੀਆ ਗੁਆਰਲਦੀ ਤੇ ਲਾਸੀਓ ਸੂਬੇ ਦੇ ਜਨਰਲ ਸਕੱਤਰ ਸਤੇਫਾਨੋ ਮੋਰੀਆ ਨੇ ਸਾਝੈ ਤੌਰ ਤੇ ਕੀਤਾ।ਇਸ ਦਫ਼ਤਰ ਦੀ ਇੰਚਾਰਜ ਭਾਰਤੀ ਮੂਲ ਦੀ ਪੰਜਾਬਣ ਹਰਦੀਪ ਕੌਰ ਨੂੰ ਬਣਾਇਆ ਗਿਆ ਹੈ ਜੋ ਕਿ ਲਾਤੀਨਾ ਤੇ ਫਰੋਜੀਨੋਨੇ ਜ਼ਿਲ੍ਹੇ ਨੂੰ ਸੀ ਜੀ ਆਈ ਐਲ ਦੀ ਸੇਵਾ ਪ੍ਰਦਾਨ ਕਰ ਰਹੀ ਹੈ ਇਹ ਕੁੜੀ ਸੂਬੇ ਦੀ ਪਹਿਲੀ ਪੰਜਾਬ ਦੀ ਧੀ ਹੈ ਜਿਸ ਨੂੰ ਕਿ ਇਹ ਸੇਵਾ ਮਿਲੀ।ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਨਾਲ ਹਰਦੀਪ ਕੌਰ ਨੇ ਆਪਣੇ ਦਫ਼ਤਰ ਸੰਬਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਉਹ ਇੱਥੇ ਇਟਲੀ ਦੇ ਕਾਨੂੰਨ ਨਾਲ ਸਬੰਧੀ ਪ੍ਰਵਾਸੀ ਮਜ਼ਦੂਰਾਂ ਨੂੰ ਬਿਲਕੁਲ ਮੁੱਫਤ ਸੇਵਾਵਾਂ ਪ੍ਰਦਾਨ ਕਰਨਗੇ।ਇਸ ਵਿੱਚ ਸਰਕਾਰ ਤੋਂ ਭੱਤਿਆਂ ਲਈ ਅਰਜ਼ੀ ਦੇਣਾ,ਨਿਵਾਸ ਆਗਿਆ ਵਧਾਉਣ ਲਈ ਕਿੱਟ ਤਿਆਰ ਕਰਨ ਜਾਂ ਕੰਮ ਨਾਲ ਸਬੰਧ ਕੋਈ ਵੀ ਪੇਪਰ ਤਿਆਰ ਕਰਨਾ ਹੋਵੇ।ਇਸ ਦਫ਼ਤਰ ਦੇ ਖੁਲੱਣ ਜਾਣ ਨਾਲ ਹੁਣ ਪ੍ਰਵਾਸੀ ਮਜ਼ਦੂਰ ਖਾਸਕਰ ਪੰਜਾਬੀਆਂ ਨੂੰ ਬੋਲੀ ਸੰਬਧੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।ਪੰਜਾਬੀ ਹੁਣ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਆਕੇ ਸਾਰੀ ਜਾਣਕਾਰੀ ਪ੍ਰਾਪਤ ਕਰ ਸਕਣਗੇ।ਇਸ ਮੌਕੇ ਇਲਾਕੇ ਦੇ ਭਾਰਤੀਆਂ ਨੇ ਸੀ ਜੀ ਆਈ ਐਲ ਜੱਥੇਬੰਦੀ ਦਾ ਇਸ ਸਲਾਂਘਾਯੋਗ ਕਾਰਜ਼ ਲਈ ਉਚੇਚਾ ਧੰਨਵਾਦ ਕੀਤਾ ਗਿਆ।



# ਇਟਲੀ ਦੇ ਉੱਘੇ ਭਾਰਤੀ ਸਿਆਸਤਦਾਨ ਕਰਮਜੀਤ ਸਿੰਘ ਢਿੱਲੋਂ ਦਾ ਦਿਹਾਂਤ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) ਇਟਲੀ ਦੀ ਭਾਰਤੀ ਸਿਆਸਤ ਦੇ ਧੁਰੇ ਮੰਨੇ ਜਾਣ ਵਾਲੇ ਕਰਮਜੀਤ ਸਿੰਘ ਢਿੱਲੋਂ ਤਾਸ਼ਪੁਰ(ਕਪੂਰਥਲਾ)ਦਾ ਅੱਜ ਲਾਤੀਨਾ ਦੇ ਹਸਪਤਾਲ ਵਿਖੇ ਦਿਹਾਂਤ ਹੋ ਗਿਆ ਹੈ।64 ਸਾਲਾਂ ਦੇ ਕਰਮਜੀਤ ਸਿੰਘ ਢਿੱਲੋਂ ਜੋ ਕਿ ਪਿਛਲੇ ਕਈ ਮਹੀਨਿਆਂ ਤੋਂ ਬਿਮਾਰ ਚਲੇ ਆ ਰਹੇ ਹਨ ਉਹ ਇਟਲੀ ਦੀ ਭਾਰਤੀ ਸਿਆਸਤ ਵਿੱਚ ਲੰਬਾ ਸਮਾਂ ਸਰਗਰਮ ਰਹੇ।ਇੰਦਾਂ ਵੀ ਮੰਨਿਆਂ ਜਾਂਦਾ ਹੈ ਕਿ ਇਟਲੀ ਵਿੱਚ ਭਾਰਤੀ ਸਿਆਸਤ ਨੂੰ ਹੋਂਦ ਵਿੱਚ ਲਿਆਉਣ ਵਾਲੇ ਉਹੀ ਸਨ ਜਿਹੜੇ ਕਿ ਕਾਫ਼ੀ ਸਮਾਂ ਇੰਡੀਅਨ ਓਵਰਸੀਜ ਕਾਂਗਰਸ ਇਟਲੀ ਦੇ ਪ੍ਰਧਾਨ ਵੀ ਰਹੇ ਇਸ ਨਾਲ ਉਹ ਆਖ਼ਰੀ ਸਾਹ ਤੱਕ



ਐਨ,ਆਰ,ਆਈ ਸਭਾ ਇਟਲੀ ਦੇ ਪ੍ਰਧਾਨ ਵੀ ਰਹੇ।ਕਰਮਜੀਤ ਸਿੰਘ ਢਿੱਲੋਂ ਇੱਕੋ ਸਮੇਂ ਗੁਰਦੁਆਰਾ ਸਿੰਘ ਸਭਾ ਸਬਾਊਦੀਆ ਦਾ ਪ੍ਰਧਾਨ,ਮਹਾਰਾਜਾ ਸਪੋਰਟਸ ਕਲੱਬ ਸਬਾਊਦੀਆ ਦਾ ਪ੍ਰਧਾਨ,ਐਨ,ਆਰ ਸਭਾ ਇਟਲੀ ਦਾ ਪ੍ਰਧਾਨ,ਇੰਡੀਅਨ ਓਵਰਸੀਜ ਕਾਂਗਰਸ ਇਟਲੀ ਦਾ ਪ੍ਰਧਾਨ,ਕਬੱਡੀ ਫੈਡਰੇਸ਼ਨ ਇਟਲੀ ਦਾ ਪ੍ਰਧਾਨ ਵੀ ਰਹੇ।ਗੁਰਦੁਆਰਾ ਸਿੰਘ ਸਭਾ ਸਬਾਊਦੀਆ ਦੇ ਵੀ ਉਹ ਆਖ਼ਰੀ ਸਾਹਾਂ ਤੱਕ ਪ੍ਰਧਾਨ ਰਹੇ।ਲਾਸੀਓ ਸੂਬੇ ਦਾ ਸਭ ਤੋਂ ਵੱਡਾ ਗੁਰਦੁਆਰਾ ਸਾਹਿਬ ਸਬਾਊਦੀਆ ਵਿਖੇ ਜੋ ਬਣ ਕੇ ਲਗਭਗ ਤਿਆਰ ਇਹ ਵੀ ਢਿੱਲੋਂ ਦੀਆਂ ਅਣਥੱਕ ਕੋਸ਼ਿਸਾਂ ਦਾ ਫਲ ਹੈ।ਉਹ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਪ੍ਰਧਾਨ ਰਹੇ ਤੇ ਇਟਲੀ ਵਿੱਚ ਸਿੱਖ ਧਰਮ ਨੂੰ ਰਜਿਸਟਰਡ ਕਰਵਾਉਣ ਲਈ ਵੀ ਉਹਨਾਂ ਕਾਫ਼ੀ ਜੱਦੋ-ਜਹਿਦ ਕੀਤੀ।ਪੰਜਾਬੀਆਂ ਦੀ ਮਾਂ ਖੇਡ ਕੱਬਡੀ ਨੂੰ ਵੀ ਇਟਲੀ ਵਿੱਚ ਸਥਾਪਿਤ ਕਰਨ ਲਈ ਢਿੱਲੋਂ ਦਾ ਵੱਡਾ ਯੋਗਦਾਨ ਰਿਹਾ।ਜਿਸ ਲਈ ਖੇਡ ਪ੍ਰੇਮੀ ਉਹਨਾਂ ਨੂੰ ਹਮੇਸਾਂ ਯਾਦ ਕਰਦੇ ਰਹਿਣਗੇ।ਕਰਮਜੀਤ ਸਿੰਘ ਢਿੱਲੋਂ ਆਪਣੇ ਪਿਛੇ ਵਿਧਵਾ ਪਤਨੀ ਤੋਂ ਇਲਾਵਾ 2 ਬੱਚਿਆਂ ਨੂੰ ਛੱਡ ਗਏ ਹਨ।ਇਟਲੀ ਦੇ ਵੱਖ ਧਾਰਮਿਕ ਆਗੂਆਂ,ਭਾਰਤੀ ਸਿਆਸੀ ਪਾਰਟੀਆਂ ਦੇ ਆਗੂਆਂ ਤੇ ਖੇਡ ਖੇਤਰ ਦੇ ਆਗੂਆਂ ਨੇ ਢਿੱਲੋਂ ਦੀ ਮੌਤ ਤੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਸਨਾਤਨ ਧਰਮ ਮੰਦਿਰ ਵਿਖੇ ਭਗਵਾਨ ਵਾਲਮੀਕਿ ਮਹਾਰਾਜ ਜੀ ਦਾ ਪ੍ਰਗਟ ਦਿਵਸ ਮਨਾਇਆ

ਰੋਮ, ਇਟਲੀ (ਗੁਰਸਰਨ ਸਿੰਘ ਸੋਨੀ)- ਇਟਲੀ ਦੀ ਰਾਜਧਾਨੀ ਰੋਮ ਦੇ ਪੰਜਾਬੀਆਂ ਦੀ ਵਧ ਵਸੋਂ ਵਾਲੇ ਸ਼ਹਿਰ ਲਵੀਨੀਓ ਵਿਖੇ ਸਥਿਤ ਸ੍ਰੀ ਸਨਾਤਨ ਧਰਮ ਮੰਦਿਰ ਵਿਖੇ ਮਹਾਂਰਿਸ਼ੀ ਭਗਵਾਨ ਵਾਲਮੀਕਿ ਮਹਾਰਾਜ ਜੀ ਦਾ ਪ੍ਰਗਟ ਦਿਵਸ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ, ਭਾਵਨਾ, ਉਤਸ਼ਾਹ ਤੇ ਅਦਬ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਯੋਗ ਵਸਿਸਟ ਦੇ ਪਾਠ ਦੇ ਭੋਗ ਉਪੰਰਤ ਵਿਸ਼ਾਲ ਧਾਰਮਿਕ ਦੀਵਾਨ ਸਜਾਏ ਗਏ। ਜਿਸ ਵਿੱਚ ਪੰਜਾਬ ਤੋਂ ਵਿਸ਼ੇਸ ਤੌਰ ਤੇ ਪਹੁੰਚੇ ਬਾਲਜੋਗੀ ਬਾਬਾ ਪ੍ਰਗਟ ਨਾਥ ਜੀ ਵਲੋਂ ਮਹਾਰਿਸ਼ੀ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਜੀਵਨ ਦੀ ਮਹਿਮਾ ਦਾ ਉਚਾਰਣ ਕੀਤਾ ਗਿਆ। ਸੰਗਤਾਂ ਵਿੱਚ ਇਸ ਸਮਾਗਮ ਪ੍ਰਤੀ ਸੰਬੰਧੀ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਸਮਾਗਮ ਵਿੱਚ ਭਗਵਾਨ ਵਾਲਮੀਕਿ ਸਭਾ ਮਾਰਕੇ ਇਟਲੀ ਦੇ ਆਗੂਆਂ ਤੇ ਸੇਵਾਦਾਰਾਂ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਗਈ।ਸਮਾਗਮ ਦੀ ਸਮਾਪਤੀ ਮੌਕੇ ਮੰਦਿਰ ਦੀ ਕਮੇਟੀ ਵਲੋਂ ਸਮਾਗਮ ਵਿੱਚ ਸੇਵਾਵਾਂ ਕਰਨ ਵਾਲੇ ਸੇਵਾਦਾਰਾਂ ਤੇ ਪੱਤਰਕਾਰਾਂ ਨੂੰ ਸਨਮਾਨ ਚਿੰਨ ਦੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਗਤਾਂ ਲਈ ਵੱਖ ਵੱਖ ਪ੍ਰਕਾਰ ਦੇ ਲੰਗਰ ਅਤੁੱਟ ਵਰਤਾਏ ਗਏ।ਦੂਜੇ ਪਾਸੇ ਮੰਦਿਰ ਕਮੇਟੀ ਬਾਲਜੋਗੀ ਬਾਬਾ ਪ੍ਰਗਟ ਨਾਥ ਵਲੋਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਆਗਮਨ ਪੁਰਬ ਦੀਆਂ ਸਮੁੱਚੀ ਕਾਇਨਾਤ ਨੂੰ ਵਧਾਈਆਂ ਵੀ ਦਿੱਤੀਆਂ ਗਈਆਂ ।



ੴ ਵਾਹਿਗੁਰੂ ਜੀ ਕੀ ਫ਼ਤਹਿ ॥

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

FIRST GOD CREATED LIGHT AND THEN BY HIS OMNIPOTENCE MADE ALL THE MORTALS.
FROM THE ONE LIGHT HAS WELLED UP THE WHOLE UNIVERSE. THEN WHO IS GOOD AND WHO IS BAD

# KHALSA DIWAN SOCIETY, ABBOTSFORD

# ਖਾਲਸਾ ਦੀਵਾਨ ਸੋਸਾਇਟੀ ਐਬਟਸਫੋਰਡ

Address: 33094 South Fraser Way, Abbotsford. BC V2S 2A8

Email: info@khalsadiwansociety.ca I Website: Khalsadiwansociety.ca




ਖਾਲਸਾ ਦੀਵਾਨ ਸੋਸਾਇਟੀ ਐਬਸਫੋਰਡ ਦੀ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਨਵੀਨੀਕਰਣ ਤੇ ਕੁਝ ਹੋਰ ਲੋੜਾਂ ਦੀ ਪੂਰਤੀ ਲਈ ਇਕ ਵਿਸ਼ੇਸ਼ ਮੀਟਿੰਗ 23 ਦਸੰਬਰ ਦਿਨ ਸ਼ਨੀਵਾਰ ਨੂੰ ਦੁਪਹਿਰ 1 ਵਜੇ ਬੁਲਾਈ ਗਈ ਹੈ। ਗੁਰੂ ਘਰ ਦੇ ਸਮੂਹ ਮੈਂਬਰਾਨ ਨੂੰ ਇਸ ਮੀਟਿੰਗ ਵਿਚ ਹਾਜ਼ਰ ਹੋਣ ਦਾ ਵਿਸ਼ੇਸ਼ ਸੱਦਾ ਜਾਂਦਾ ਹੈ।

## ਮੀਟਿੰਗ ਦਾ ਏਜੰਡਾ

1 ਦਰਬਾਰ ਹਾਲ ਦੇ ਨਵੀਨੀਕਰਣ ਸਬੰਧੀ। 2. ਐਲੀਵੇਟਰ ਦੀ ਮੁਰੰਮਤ ਸਬੰਧੀ।
3. ਸ੍ਰੀ ਗੁਰੂ ਗਰੰਥ ਸਾਹਿਬ ਦੀ ਸਵਾਰੀ ਲਈ ਨਵੀਂ ਵੈਨ ਖਰੀਦਣ ਸਬੰਧੀ। 4. ਰੂਫਿੰਗ ਦੀ ਮੁਰੰਮਤ ਸਬੰਧੀ।
5. ਵਾਸ਼ਰੂਮਾਂ ਦੇ ਉਪਕਰਣ ਬਦਲਣ ਤੇ ਹੋਰ ਲੋੜੀਂਦੇ ਸਾਮਾਨ ਸਬੰਧੀ।

**Khalsa Diwan Society Abbotsford convened a special meeting at Main Darbar Hall on Dec 23, 2023 Saturday at 1.00 Pm Sharp**

Meeting Agenda will be as following / on below items for more transparency

1. Elevator repair 2. Purchase of a new van
3. Darbar Hall renovation 4. Bathroom repair 5. Roof repair

ਹੋਰ ਜਾਣਕਾਰੀ ਲਈ ਪ੍ਰਧਾਨ ਸ ਮਨਿੰਦਰ ਸਿੰਘ ਗਿੱਲ ਨਾਲ ਫੋਨ ਨੰਬਰ 778-242-2113 ਜਾਂ 604-850-7338 ਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਵ: ਸੰਤ ਰਾਮ ਉਦਾਸੀ ਨੂੰ ਚੇਤੇ ਕਰਦਿਆਂ



ਸਤਵੰਤ ਸ ਦੀਪਕ,
ਵੈਨਕੂਵਰ

(**ਲੜੀ ਜੋੜਨ ਲਈ ਪਿਛਲਾ ਅੰਕ ਵੇਖੋ**)

ਉਸ ਨੇ ਪ੍ਰੋਗਰਾਮ ਦੇ ਸ਼ੁਰੂ ਵਿਚ ਹੀ ਐਲਾਨ ਕਰ ਦਿੱਤਾ ਕਿ ਇਹ ਬਹੁਤ ਸੰਜ਼ੀਦਾ ਪ੍ਰੋਗਰਾਮ ਹੈ, ਅਸੀਂ ਸਟੇਜ 'ਤੇ ਨੱਚਣ ਟੱਪਣ ਤੇ ਘੁੰਗਰੂਆਂ ਦੀ ਛਣਕਾਟ ਨਹੀਂ ਪਾਉਣ ਆਏ। ਅਸੀਂ ਸਮਾਜ ਦੇ ਦੱਬੇ ਕੁਚਲੇ ਤੇ ਸਾਧਨਹੀਣ ਲੋਕਾਂ ਦੀ ਮੁਕਤੀ ਦੀ ਗੱਲ ਕਰਨ ਲਈ ਸਾਡੇ ਹਰ ਦਿਲ ਅਜ਼ੀਜ਼, ਕ੍ਰਾਂਤੀਕਾਰੀ ਕਵੀ ਸੰਤ ਰਾਮ ਉਦਾਸੀ ਨੂੰ ਤੁਹਾਡੇ ਰੂਬਰੂ ਕਰਵਾਉਣ ਜਾ ਰਹੇ ਹਾਂ। ਪਰ ਕੁਝ ਲੋਕ ਸਾਡੀ ਇਸ ਕੋਸ਼ਿਸ਼ ਨੂੰ ਸਾਬੋਟਾਜ ਕਰਨ ਆਏ ਹਨ। ਇਨ੍ਹਾਂ ਲੋਕਾਂ ਦੀ ਅਜਿਹੀ ਫ਼ਿਤਰਤ ਹੋਣ ਕਰ ਕੇ ਪ੍ਰੋਗਰਾਮ ਵਿਚ ਸ਼ੋਰ ਸ਼ਰਾਬੇ ਅਤੇ ਚੀਕਾਂ ਮਾਰਨ ਦੀ ਆਦਤ ਹੋ ਸਕਦੀ ਹੈ। ਉਨ੍ਹਾਂ ਸੱਜਣਾਂ ਨੂੰ ਸਾਡੀ ਸਨਿਮਰ ਬੇਨਤੀ ਹੈ ਕਿ ਉਹ ਖ਼ਾਮੋਸ਼ ਰਹਿ ਕੇ ਉਦਾਸੀ ਦੇ ਕ੍ਰਾਂਤੀਕਾਰੀ ਗੀਤਾਂ ਨੂੰ ਸੁਣਨ ਤੇ ਮਾਣਨ। ਹਾਂ, ਜੇਕਰ ਕਿਸੇ ਨੂੰ ਚੀਕ ਮਾਰਨ ਦੀ ਹਾਜਤ ਉੱਠੇ, ਉਹ ਪਿੱਛੇ ਖੜ੍ਹੇ ਸਾਡੇ ਵਾਲੰਟੀਅਰਾਂ ਨੂੰ ਦੱਸ ਦੇਣ। ਉਹ ਉਸ ਨੂੰ ਬਾ-ਇਜ਼ਤ ਹਾਲ ਤੋਂ ਬਾਹਰ ਲੈ ਜਾਣਗੇ ਅਤੇ ਚੀਕ ਮਰਵਾ ਕੇ ਵਾਪਸ ਅੰਦਰ ਲੈ ਆਉਣਗੇ। ਇਸ ਦਾ ਇਹ ਅਸਰ ਹੋਇਆ ਕਿ ਰੌਲ਼ਾ-ਰੱਪਾ ਪਾਉਣ ਵਾਲ਼ੇ ਫਿਰਕੂ ਅਨਸਰ ਸੁੱਸਰੀ ਵਾਂਗ ਸੌਂ ਗਏ ਅਤੇ ਚੁੱਪ-ਚਾਪ ਪ੍ਰੋਗਰਾਮ ਦੇਖਣ ਲੱਗੇ। ਉਦਾਸੀ ਜਦ ਗਾ ਰਿਹਾ ਸੀ ਤਾਂ ਸਰੋਤਿਆਂ ਵਿਚ ਮੁਕੰਮਲ ਖ਼ਾਮੋਸ਼ੀ ਸੀ, ਉਦਾਸੀ ਦੇ ਗਰਜਵੇਂ ਬੋਲ ਹਾਲ ਦੀ ਫ਼ਿਜ਼ਾ ਵਿਚ ਸੂਹੇ ਪਰਚਮ ਵਾਂਗ ਲਹਿਰਾ ਰਹੇ ਸਨ। ਉਦਾਸੀ ਸਟੇਜ 'ਤੇ ਬਰਾਬਰ ਛਾਇਆ ਹੋਇਆ ਸੀ!

ਉਥੇ ਇਕ ਹੋਰ ਦਿਲਚਸਪ ਘਟਨਾ ਵਾਪਰੀ। ਸਰੋਤਿਆਂ ਵਿਚੋਂ ਉਦਾਸੀ ਦਾ ਇਕ ਹਮਦਰਦ ਜਿਸ ਨੇ ਸ਼ਾਇਦ ਘੁੱਟ ਪੀਤੀ ਹੋਈ ਸੀ, ਜਿਸ ਕਰ ਕੇ ਉਸ ਨੂੰ ਪੂਰਾ ਪ੍ਰਸੰਗ ਜਾਂ ਗੀਤ ਦਾ ਮੁਖੜਾ ਯਾਦ ਨਹੀਂ ਆ ਰਿਹਾ ਸੀ। ਉਹ ਵਾਰਵਾਰ 'ਖੀਰ ਵਾਲ਼ਾ' ਗੀਤ ਸੁਣਾਉਣ ਦੀ ਜ਼ਿਦ ਕਰ ਰਿਹਾ ਸੀ। ਬਾਅਦ ਵਿਚ ਪਤਾ ਚਲਿਆ ਕਿ ਉਹ 'ਬੁਰਜ਼ੂਆ ਤਾਣੇ ਬਾਣੇ' ਗੀਤ ਦੀ ਫਰਮਾਇਸ਼ ਕਰ ਰਿਹਾ ਸੀ: ਵਰ੍ਹਿਆ ਏ ਸਾਉਣ ਉਨ੍ਹਾਂ ਬੱਚਿਆਂ ਦੇ ਨਾਂ 'ਤੇ ਜਿਨ੍ਹਾਂ ਖੀਰ ਦਾ ਨਾ ਚੱਖਿਆਸੁਆਦ, ਕੰਮੀਆਂ ਦੀ 'ਜੀਤੋ' ਦੇ ਨਾਂ ਲੱਗੀਆਂ ਨੇ ਤੀਆਂ ਜੀਹਦਾ ਰਸ ਪੀ ਗੇਸੰਘਣੇਂ ਕਮਾਦ। ਉਦਾਸੀ ਨੇ ਜਦ ਇਹ ਗੀਤ ਸੁਣਾਇਆ ਤਾਂ ਉਹ ਗਦ ਗਦ ਹੋ ਕੇ 'ਉਦਾਸੀ ਜ਼ਿੰਦਾਬਾਦ!' ਦੇ ਨਾਅਰੇ ਮਾਰ ਰਿਹਾ ਸੀ!

'ਵਤਨੋਂ ਦੂਰ' ਅਕਤੂਬਰ 1979 ਵਿਚ ਛਪੀ ਇਕ ਇੰਟਰਵੀਓ ਦੌਰਾਨ ਉਦਾਸੀ ਨੇ ਦੱਸਿਆ ਸੀ ਸਭ ਤੋਂ ਪਹਿਲਾਂ ਮੈਨੂੰ ਜਨਵਰੀ 1971 ਵਿਚ ਫੜ੍ਹਿਆ ਗਿਆ ਸੀ। ਉਸ ਵਕਤ ਲਗਾਤਾਰ ਮੈਨੂੰ 38 ਦਿਨ ਇੰਟੈਰੋਗੇਸ਼ਨ ਵਿਚ ਰੱਖਿਆ ਗਿਆ। ਉਥੇ ਉਚੇਚੇ ਤੌਰ 'ਤੇ ਜਿਹੜਾ ਮੈਨੂੰ ਹੁਣ ਤੱਕ ਵੀ ਮਹਿਸੂਸ ਹੁੰਦਾ ਹੈ ਉਹ ਇਕ ਤਾਂ ਜੋੜਾਂ ਦਾ ਦਰਦ ਜ਼ਿਆਦਾ ਹੈ। ਇਕ ਜਿਹੜਾ ਉਨ੍ਹਾਂ ਨੇ ਮੇਰਾ ਸਿਰ ਜ਼ਿਆਦਾ ਕੁੱਟਿਆ। ਜਿਹੜਾ ਨਰਵਸ ਸਿਸਟਮ ਧੌਣ ਉਪਰੋਂ ਮਸਲਿਆ ਘੋਟਣਾ ਧਰ ਕੇ ਉਹਦਾ ਮੇਰੇ 'ਤੇ ਜ਼ਿਆਦਾ ਅਸਰ ਹੋਇਆ ਹੈ। ਉਸ ਨਾਲ਼ ਮੇਰੀ ਨਜ਼ਰ 'ਤੇ ਬਹੁਤ ਮਾੜਾ ਅਸਰ ਹੋਇਆ ਹੈ ਤੇ ਮੇਰੀ ਸੁਣਨ ਸ਼ਕਤੀ 'ਤੇ ਵੀ ਕਾਫੀ ਪ੍ਰਭਾਵ ਪਿਆ। ....ਮੇਰੀ ਇਕ ਅੱਖ ਤਾਂ ਬਿਲਕੁਲ ਕੰਮ ਨਹੀਂ ਕਰਦੀ। ਮੈਂ ਜ਼ਿੰਦਗੀ ਵਿਚ ਤਿੰਨ ਵਾਰ ਬਲਾਈਂਡ ਹੋ ਚੁੱਕਾ ਹਾਂ। ਇਕ ਵਾਰ 1973 ਵਿਚ ਪੂਰੀ ਤਰ੍ਹਾਂ... ਮੈਨੂੰ 'ਕੱਲੇ ਨੂੰ ਹੀ ਇੰਟੈਰੋਗੇਟ ਨਹੀਂ ਕੀਤਾ ਬਲ ਕਿ ਮੇਰੇ ਬੱਚਿਆਂ ਨੂੰ ਵੀ। ਬੱਲੀ ਨੂੰ ਵੀ ਠਾਣੇ ਲਿਜਾ ਕੇ ਕੁੱਟਿਆ ਗਿਆ। ਐਮਰਜੈਂਸੀ ਤੋਂ ਪਹਿਲਾਂ ਮੈਨੂੰ ਚਾਰ ਵਾਰ ਅਰੈੱਸਟ ਕੀਤਾ ਗਿਆ। ਦੱਧਾਹੂਰ ਦੇ ਮਾਮਲੇ ਵਿਚ ਵੀ ਮੈਨੂੰ ਫੜ੍ਹਿਆ ਗਿਆ ਸੀ। ਪੰਦਰਾਂ ਸੋਲਾਂ ਦਿਨ ਲਗਾਤਾਰ ਇੰਟੈਰੋਗੇਟ ਕੀਤਾ ਗਿਆ। ਐਮਰਜੈਂਸੀ ਦੌਰਾਨ ਮੇਰੇ ਉੱਪਰ ਪੰਜ ਕੇਸ ਬਣਾਏ ਗਏ ਸਨ...ਅੱਜ ਤੀਕ ਦੋ ਵਾਰੀ ਨੌਕਰੀ ਤੋਂ ਮੁਅੱਤਲ ਹੋ ਚੁੱਕਾ ਹਾਂ। ਇਸ ਤਰ੍ਹਾਂ ਦੀ ਮੇਰੀ ਵਿਥਿਆ ਹੈ ਇਕ ਗੱਲ ਜਿਹੜੀ ਮੇਰੇ ਅੰਗ ਸੰਗ ਰਹੀ ਉਹ ਇਹ ਕਿ ਮੇਰਾ ਇਤਿਹਾਸ - ਉਹ ਇਤਹਾਸ ਜਿਸ ਨੂੰ ਮੇਰੇ ਲੋਕਾਂ ਨੇ ਆਰਿਆਂ ਨਾਲ਼ ਚਰਵਾ ਕੇ, ਦੇਗਾਂ ਵਿਚ ਉੱਬਲ ਕੇ, ਤੱਤੀਆਂ ਤਵੀਆਂ 'ਤੇ ਬੈਠ ਕੇ, ਤੇ ਬੱਚਿਆਂ ਦੇ ਟੋਟੇ ਟੋਟੇ ਕਰਵਾ ਕੇ ਗਲ਼ਾਂ 'ਚ ਹਾਰ ਪੁਆ ਕੇ ਤੇ ਹਰ ਕਿਸਮ ਦੇ ਤਸੀਹੇ ਸਹਿ ਕੇ ਸਿੱਖੀ ਸਿਦਕ ਨੂੰ ਕਾਇਮ ਰੱਖਿਆ-ਉਹ ਮੇਰੇ ਲਈ ਪ੍ਰੇਰਣਾ-ਸ੍ਰੋਤ ਰਿਹਾ ਹੈ...

ਐਡਮਿੰਟਨ ਦੇ ਦੌਰੇ ਸਮੇਂ ਉਦਾਸੀ ਨਾਲ਼ ਮੇਰੀਆਂ ਹੋਈਆਂ ਗ਼ੈਰ-ਰਸਮੀ ਮੁਲਾਕਾਤਾਂ ਵਿਚ ਉਸ ਨੇ ਇਹ ਵੀ ਦੱਸਿਆ ਸੀ ਕਿ ਜ਼ਾਲਮ ਸਿਰਫ ਸਰੀਰਕ ਤੌਰ 'ਤੇ ਤਸ਼ੱਦਦ ਹੀ ਨਹੀਂ ਕਰਦੇ, ਉਹ ਤੁਹਾਨੂੰ ਮਾਨਸਿਕ ਤੌਰ 'ਤੇ ਵੀ ਤੋੜਨਾ ਜਾਣਦੇ ਹਨ। ਇੰਟੈਰੋਗੇਸ਼ਨ ਦੌਰਾਨ ਤਸ਼ੱਦਦ ਬਾਅਦ ਇੰਨਟੈਲੀਜੈਂਸ ਵਾਲ਼ੇ ਆਪਣੀ ਸ਼ਰੀਫ਼ਾਂ ਵਾਲ਼ੀ ਮਿੱਠੀ, ਸਾਫ਼ਟ ਭਾਸ਼ਾ ਵਿਚ ਪੋਚੇ ਮਾਰਦੇ ਸਨ ਕਿ 'ਇਥੋਂ ਕੋਈ ਸਹੀ ਸਲਾਮਤ ਘਰ ਨਹੀਂ ਜਾਂਦਾ। ਆਹ ਦੇਖ ਖ਼ਬਰ - ਫਲਾਣੇ ਫਲਾਣੇ ਨਕਸਲੀ ਗੱਡੀ ਚਾੜ੍ਹ ਦਿੱਤੇ ਗਏ ਐ। ਅਮਕਾ ਨਕਸਲੀ ਫੜ੍ਹਿਆ ਜਾ ਚੁੱਕਾ ਹੈ ਤੇ ਉਹ ਸਭ ਕੁਝ ਬਕਣ ਵਾਲ਼ਾ ਹੈ। ਢਿਮਕਾ ਨਕਸਲੀ ਸਾਡੇ ਰਾਡਾਰ 'ਤੇ ਐ, ਜਿੱਥੇ ਮਰਜ਼ੀ ਲੁਕ ਜੇ, ਅੱਜ ਭਲਕ ਫੜ੍ਹਿਆ ਸਮਝੋ, ਆਖ਼ਰ ਬੱਕਰੇ ਦੀ ਮਾਂ ਕਦ ਤੱਕ ਖ਼ੈਰ ਮਨਾਏਗੀ... ਤੇਰੇ ਨਕਸਲੀ ਯਾਰ ਹੀ ਪੁਲਸ ਨੂੰ ਭੇਤ ਦਿੰਦੇ ਐ। ਤੂੰ ਖ਼ਾਹਮਖ਼ਾਹ ਭੰਗ ਦੇ ਭਾੜੇ ਕਿਉਂ ਜਾਨ ਗਵਾਉਂਨੈਂ ...'ਤੇ ਉਹ ਅੱਗੇ ਆਪਣਾ ਚੋਗਾ ਖਿਲਾਰਦੇ ਸਨ: ਊਂ ਯਾਰ ਉਦਾਸੀ, ਤੇਰੀ ਕਵਿਤਾ ਤੇ ਅਵਾਜ਼ 'ਚ ਦਮ ਐ, ਤੂੰ 'ਹਾਂ' ਕਰ ਸਹੀ, ਲੈ ਆਪਾਂ ਤੇਰਾ ਪਬਲਿਕ ਰਿਲੇਸ਼ਨ ਵਾਲ਼ਿਆਂ ਨਾਲ਼ ਪੱਕਾ ਕੰਟਰੈਕਟ ਕਰਵਾ ਦਿੰਦੇ ਆਂ। ਉਮਰ ਭਰ ਦੀਆਂ ਰੋਟੀਆਂ, ਸੁਖ ਸਹੂਲਤਾਂ, ਖ਼ੂਬਸੂਰਤ ਕੁੜੀਆਂ ਨਾਲ਼ ਰਾਤਾਂ ਵੱਖਰੀਆਂ... ਬਾਕੀ ਯਾਰ ਸਾਡੀ ਤਾਂ ਇਹੀ ਨੇਕ ਸੁਲਾਹ ਹੈ ਤੈਨੂੰ, ਜਿਹਦੀ ਮਰਜ਼ੀ ਸਰਕਾਰ ਹੋਵੇ, ਘਾਹੀਆਂ ਦੇ ਪੁੱਤਾਂ ਨੇ ਘਾਹ ਹੀ ਖੋਤਣਾ ਹੁੰਦੈ। ਨਾਲ਼ੇ ਨਕਸਲੀਆਂ ਦੇ ਰਾਜ ਵਿਚ ਥੋਨੂੰ ਦਲਿਤਾਂ ਨੂੰ ਕਿਹੜਾ ਜੱਜ ਲਾ ਦੇਣੈ, ਵੱਧ ਤੋਂ ਵੱਧ ਭੰਗੀ ਜਾਂ ਜਮਾਦਾਰ ਬਣਾ ਦੇਣਗੇ। ਖ਼ਾਹਮਖ਼ਾਹ ਇਥੇ ਹੱਡ ਕਿਉਂ ਤੁੜਾਉਣੇ, ਚੁੱਪ-ਚਾਪ ਬੈਠ ਕੇ ਸਰਕਾਰੀ ਸਹੂਲਤਾਂ ਮਾਣ, ਦੇਸ਼ ਭਗਤੀ ਦੇ ਗੀਤ ਲਿਖ ਤੇ ਗਾ, ਐਸ਼ ਕਰ ਤੇ ਦੇਸ਼ ਦਾ ਨਾਂ ਉੱਚਾ ਕਰ।

ਉਦਾਸੀ ਦਾ ਨਿਤਨੇਮ: ਸਿੱਖੀ ਉਦਾਸੀ ਨੂੰ ਵਿਰਸੇ ਵਿਚ ਮਿਲ਼ੀ ਸੀ, ਉਸਦਾ ਨਿੱਜੀ ਜੀਵਨ ਸਿੱਖ ਮਰਿਯਾਦਾ ਵਾਲ਼ਾ ਸੀ। ਹਰ ਭੋਜਨ ਛਕਣ ਤੋਂ ਪਹਿਲਾਂ ਪਰੰਪਰਾਗਤ ਸਿੱਖਾਂ ਵਾਂਗ ਪਹਿਲਾਂ ਸ਼ੁਕਰਾਨੇ ਦੀ ਗੁਪਤ ਅਰਦਾਸ ਕਰਦਾ ਸੀ। ਇਹ ਗੱਲ ਮੈਂ ਉਦੋਂ ਨੋਟ ਕੀਤੀ ਸੀ ਜਦ ਇਕ ਦੁਪਹਿਰ ਦਾ ਖਾਣਾ ਉਸ ਨੇ ਸਾਡੇ ਗ੍ਰਹਿ ਵਿਖ਼ੇ ਛਕਿਆ ਸੀ। ਉਸ ਦੀ ਇਸ ਹਰਕਤ 'ਤੇ ਖਾਣੇ ਵਿਚ ਨਿਮੰਤ੍ਰਿਤ ਕਈ ਸੱਜਣ ਇਕ ਦੂਜੇ ਨੂੰ ਹੁੱਝਾਂ ਮਾਰ ਰਹੇ ਸਨ, ਤੇ ਗੁੱਝੀਆਂ ਟਿੱਚਰਾਂ ਕਰ ਰਹੇ ਸਨ। ਜਾਣ ਲੱਗਿਆਂ ਉਸਨੇ ਮੇਰੀ ਪਤਨੀ ਦਾ ਆਪਣੀ ਸਕੀ ਧੀ ਵਾਂਗ ਸਿਰ ਪਲੋਸ ਕੇ ਅਸ਼ੀਰਵਾਦ ਦਿੱਤਾ।

ਅਰਦਾਸ ਵਾਲ਼ੀ ਘਟਨਾ: ਉਦਾਸੀ ਦੇ ਆਪਣੇ ਦੱਸਣ ਮੁਤਾਬਕ ਜਦ ਉਸ ਨੂੰ ਨਕਸਲਾਈਟ ਵਜੋਂ ਗ੍ਰਿਫ਼ਤਾਰ ਕੀਤਾ ਤੇ ਇੰਟੈਰੋਗੇਸ਼ਨ ਕੇਂਦਰਾਂ ਵਿਚ ਤਸੀਹੇ ਦਿੱਤੇ। ਜਦ ਉਦਾਸੀ ਇਨ੍ਹਾਂ ਤਸੀਹਿਆਂ ਨੂੰ ਝੱਲ ਕੇ ਵੀ ਟੱਸ ਤੋਂ ਮੱਸ ਨਾ ਹੋਇਆ ਤਾਂ ਅੱਕ ਕੇ ਵੱਡੇ ਪੁਲਸ ਅਧਿਕਾਰੀ ਨੇ ਛੋਟੇ ਅਮਲੇ ਨੂੰ ਉਦਾਸੀ ਨੂੰ ਪੁਲਸ ਮੁਕਾਬਲਾ ਬਣਾ ਕੇ ਪਾਰ ਬੁਲਾਉਣ ਦੇ ਹੁਕਮ ਚਾੜ੍ਹ ਦਿੱਤੇ। ਛੋਟੇ ਪੁਲਿਸ ਅਧਿਕਾਰੀ ਉਦਾਸੀ ਨੂੰ ਕਤਲਗਾਹ ਲਈ ਮਿਥੇ ਟਿਕਾਣੇ 'ਤੇ ਲੈ ਗਏ ਅਤੇ ਸ਼ਰਾਬ ਨਾਲ਼ ਰੱਜ ਕੇ ਬੋਲੇ ਲੈ ਬਈ ਕਾਮਰੇਡਾ ਤੇਰਾ ਆਖ਼ਰੀ ਵਕਤ ਆ ਗਿਆ, ਦੇਖੀਏ ਤੇਰੀ ਨਕਸਲਬਾੜੀ ਦੀ ਮਰਦਾਨਗੀ। ਜਿਹੜੀ ਤੂੰ ਕਾਮਰੇਡਾਂ ਵਾਲ਼ੀ ਅਰਦਾਸ ਕਰਨੀ ਹੈ ਸੋ ਹੁਣੇ ਕਰਲੈ, ਜਿਹੜਾ ਲੈਨਿਨ, ਮਾਓਛਾਓ ਨੂੰ ਧਿਆਉਣੈ ਹੁਣੇ ਧਿਆ ਲੈ, ਸਮਝ ਲੈ ਤੇਰੀ ਆਖ਼ਰੀ ਘੜੀ ਆਣ ਪੁਜੀਐ

ਉਦਾਸੀ ਨੇ ਪੁਲੀਸ ਟੁਕੜੀ ਨੂੰ ਕਿਹਾ, ਮਰਨ ਤੋਂ ਮੈਂ ਨਹੀਂ ਡਰਦਾ, ਤੇ ਤੁਸੀਂ ਮਾਰਨ ਲਈ ਹੀ ਤਾਂ ਇਸ ਸੁੰਨਸਾਨ ਕਤਲਗਾਹ 'ਤੇ ਲੈ ਕੇ ਆਏ ਹੋ। ਪਰ ਮਰਨ ਤੋਂ ਪਹਿਲਾਂ ਹਰ ਮਰਜੀਵੜੇ ਦੀ ਆਖ਼ਰੀ ਖ਼ਾਹਸ਼ ਪੁੱਛੀ ਜਾਂਦੀ ਹੈ। ਮੈਂ ਆਖ਼ਰੀ ਅਰਦਾਸ ਕਰਨੀ ਚਾਹੁੰਦਾ ਹਾਂ। ਜਦ ਮੇਰੀ ਅਰਦਾਸ ਸਮਾਪਤ ਹੋਵੇ, ਤੇ ਜਿਉਂ ਹੀ ਮੈਂ ਸੀਸ ਨਿਵਾ ਕੇ ਮੱਥਾ ਟੇਕਾਂ, ਠੀਕ ਉਸ ਸਮੇਂ ਤੁਸੀਂ ਬੇਸ਼ੱਕ ਗੋਲ਼ੀ ਦਾਗ਼ ਦੇਣੀ।



ਕੁਝ ਪਲ ਘੁਸਰ-ਮੁਸਰ ਕਰ ਕੇ ਪੁਲੀਸ ਟੁਕੜੀ ਨੇ ਕਿਹਾ, ਤੂੰ ਜਿਹੜੀ ਅਰਦਾਸ ਕਰਨੀ ਹੈ, ਕਰ ਸਕਦਾ ਹੈਂ, ਸਾਡਾ ਇਹਦੇ ਵਿਚ ਕੀ ਜਾਂਦਾ, ਅਸੀਂ ਤਾਂ ਗੋਲ਼ੀ ਹੀ ਮਾਰਨੀ ਤੈ, ਹੁਣ ਕੀ ਤੇ ਬਾਅਦ ਕੀ? ਆਖ਼ਰੀ ਵਾਰੀ ਤੂੰ ਵੀ ਕੀ ਯਾਦ ਰੱਖੇਂਗਾ ਕਿ ਪੰਜਾਬ ਪੁਲਸ ਨਾਲ਼ ਤੇਰਾ ਪੇਚਾ ਪਿਆ ਸੀ!

ਸੋ ਉਦਾਸੀ ਆਪਣੇ ਨਿਤਨੇਮ ਵਾਂਗ ਅਰਦਾਸ ਕਰਨ ਲੱਗਾ: ਤੂ ਠਾਕੁਰ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ... ਹੇ ਨਿਮਾਣਿਆਂ ਦੇ ਮਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਆਪ ਜੀ ਦੇ ਪਵਿੱਤਰ ਚਰਨਾਂ ਵਿਚ ਜੋਦੜੀ ਹੈ ਕਿ ਅੱਜ ਤੇਰੇ ਸਿੰਘ ਦੀ ਪਰਖ਼ ਦੀ ਘੜੀ ਆਣ ਪਹੁੰਚੀ ਹੈ। ਸਰਕਾਰ ਦੇ ਟੁਕੜਿਆਂ 'ਤੇ ਪਲਣ ਵਾਲ਼ੇ ਇਹ ਨਾਸਮਝ ਲੋਕ ਤੇਰੇ ਸਿੱਖ ਨੂੰ ਸ਼ਹੀਦ ਕਰਨ ਲਈ ਇਸ ਜਗ੍ਹਾ ਲੈ ਆਏ ਹਨ, ਜਿਵੇਂ ਜੱਲਾਦ ਨੌਵੇਂ ਪਾਤਸ਼ਾਹ ਨੂੰ ਚਾਂਦਨੀ ਚੌਂਕ ਲੈ ਆਏ ਸਨ। ਅੰਤਲੀਆਂ ਘੜੀਆਂ ਹਨ ਸੱਚੇ ਪਾਤਸ਼ਾਹ, ਦਾਸ ਨੂੰ ਸ਼ਕਤੀ ਦੇਵੋ ਕਿ ਆਖ਼ਰੀ ਘੜੀ ਮੇਰਾ ਸਿੱਖੀ ਸਿਦਕ ਨਾ ਡੋਲੇ। ਗੁਰੂਆਂ ਪੀਰਾਂ ਦਾ ਅਸ਼ੀਰਵਾਦ ਮੇਰੇ ਅੰਗ ਸੰਗ ਰਹੇ ਤੇ ਹਕੂਮਤ ਦੇ ਜ਼ੁਲਮ ਦਾ ਟਾਕਰਾ ਕਰਦਿਆਂ ਮੈਂ ਸ਼ਹੀਦੀ ਪਾ ਕੇ ਆਪ ਜੀ ਦੇ ਚਰਨਾਂ ਵਿਚ ਆਣ ਸਮਾਵਾਂ... ਧਰਮ ਦੀ ਜੈ, ਪਾਪ ਦੀ ਖੈ। ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ! ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ, ਅਰਦਾਸ ਉਪਰੰਤ ਉਦਾਸੀ ਨੇ ਲਲਕਾਰ ਕੇ ਕਿਹਾ ਲਓ ਭਰਾਵੋ ਸਾਡੀ ਅਰਦਾਸ ਤਾਂ ਵਾਹਿਗੁਰੂ ਦੇ ਚਰਨਾਂ ਵਿਚ ਕਬੂਲ ਹੋ ਗਈ ਹੈ। ਹੁਣ ਤੁਸੀਂ ਆਪਣਾ ਕੰਮ ਕਰੋ...

ਪੁਲੀਸ ਟੁਕੜੀ ਨੇ ਜਦ ਇਕ 'ਖ਼ਤਰਨਾਕ ਨਕਸਲਬਾੜੀਏ' ਤੋਂ ਇਹ ਅਰਦਾਸ ਸੁਣੀ ਤਾਂ ਉਹ ਅੰਦਰੋਂ ਜਰਕ ਗਏ ਸਨ। ਆਪਸ ਵਿਚ ਉਹ ਕਹਿ ਰਹੇ ਸਨ ਕਿ ਇਹ ਨਾਸਤਿਕ ਨਹੀਂ, ਇਹ ਤਾਂ ਗੁਰੂ ਦਾ ਅਸਲੀ ਸਿੱਖ ਹੈ। ਗੁਰੂਆਂ ਨੇ ਸਾਨੂੰ ਇਹੀ ਸਿਖਾਇਆ ਹੈ। ਸਾਡੀ ਹੀ ਮੱਤ 'ਤੇ ਪਰਦਾ ਪੈ ਗਿਆ ਹੈ। ਇਹੋ ਜੇਹੇ ਧਰਮੀ ਪੁਰਸ਼ ਨੂੰ ਮਾਰ ਕੇ ਆਪਾਂ ਪਾਪਾਂ ਦੇ ਭਾਗੀ ਬਣਾਂਗੇ। ਫਿਰ ਉਨ੍ਹਾਂ ਆਪਸ ਵਿਚ ਹੀ ਕੋਈ ਗੁਪਤ ਮਤਾ ਪਾਸ ਕੀਤਾ ਤੇ ਮੈਨੂੰ ਜ਼ਿੰਦਾ ਵਾਪਸ ਮੋੜ ਲਿਆਏ। ਪੁਲਿਸ ਦੀ ਜੀਪ ਵਿਚ ਮੁੜਦੇ ਵਕਤ ਉਹ ਡਾਢੇ ਡਰੇ ਹੋਏ 'ਵਾਹਿਗੁਰੂ ਵਾਹਿਗੁਰੂ' ਜਪ ਰਹੇ ਸਨ। ਉਹ ਪਾਪਾਂ ਦੇ ਭਾਗੀਦਾਰ ਨਹੀਂ ਬਣਨਾ ਚਾਹੁੰਦੇ ਸਨ। ਤੇ ਮੈਂ ਚੜ੍ਹਦੀ ਕਲਾ ਵਿਚ ਸੀ। ਹੁਣ ਉਨ੍ਹਾਂ ਨੂੰ ਵੱਡੇ ਅੜੇ ਅਫ਼ਸਰ ਦੀ ਵੀ ਕੋਈ ਪਰਵਾਹ ਨਹੀਂ ਸੀ...

ਉਦਾਸੀ ਦੇ ਕੈਨੇਡਾ ਆਉਣ 'ਤੇ ਉਸ ਦੇ ਪਰਸ਼ੰਸਕਾਂ ਨੇ ਆਪਣੀ ਇੱਛਾ, ਸਮਰੱਥਾ, ਲਗਨ ਅਨੁਸਾਰ ਉਦਾਸੀ ਦੀ ਕੁਝ ਆਰਥਿਕ ਮੱਦਦ ਕਰਨੀ ਚਾਹੀ। ਉਸ ਬਾਰੇ ਘੜੀਆਂ ਦੰਦਕਥਾਵਾਂ ਦੇ ਉਲਟ ਉਦਾਸੀ ਨੇ ਕਿਸੇ ਅੱਗੇ ਆਰਥਿਕ ਸਹਾਇਤਾ ਲਈ ਝੋਲ਼ੀ ਨਹੀਂ ਅੱਡੀ। ਜੋ ਕਿਸੇ ਨੇ ਕੀਤੀ, ਉਹ ਉਸਨੂੰ ਆਪਣੇ ਵੱਲੋਂ, ਬਿਨਾ ਕਿਸੇ ਲੋਭ, ਬੱਸ ਸ਼ਰਧਾ ਵਜੋਂ ਇਕ ਨੇਕ ਕਰਮ ਸਮਝ ਕੇ ਕਰ ਰਹੇ ਸਨ। ਉਦਾਸੀ ਦੀਆਂ ਆਰਥਿਕ ਤੰਗੀਆਂ ਤੋਂ ਹਰ ਕੋਈ ਜਾਣੂੰ ਸੀ। ਇਸੇ ਤਹਿਤ ਉਦਾਸੀ ਦੇ ਸ਼ੁਭ-ਚਿੰਤਕਾਂ ਵੱਲੋਂ, ਸਮਰਥਾ ਅਨੁਸਾਰ ਇਹ ਤਹੱਈਆ ਕੀਤਾ ਗਿਆ ਕਿ ਉਸ ਦੀ ਕੁਝ ਆਰਥਿਕ ਸਹਾਇਤਾ ਕੀਤੀ ਜਾਵੇ। ਇਸ ਵਿਚ ਸਮਰਥਾ ਤੋਂ ਵੱਧ ਭਾਰਤ ਦੇ ਇਨਕਲਾਬ ਲਈ ਕੁਝ ਕਰ ਸਕਣਾ ਜਾਂ ਉਸ ਵਿਚ ਆਪਣੀ ਹਾਜ਼ਰੀ ਲਵਾਉਣ ਦਾ ਸੰਕਲਪ ਸੀ। ਆਪਣੀ ਸ਼ਰਧਾ ਤੇ ਸਮਰਥਾ ਅਨੁਸਾਰ ਮੈਂ ਉਦਾਸੀ ਨੂੰ 500 ਸੌ ਡਾਲਰ ਨਕਦ ਪੇਸ਼ ਕੀਤੇ ਤਾਂ ਕੋਲ਼ ਬੈਠੇ ਕਈ ਸੱਜਣਾਂ ਦਾ ਸਾਹ 'ਤਾਂਹ ਹੀ ਚੜ੍ਹ ਗਿਆ। ਸਭ ਤੋਂ ਵੱਧ ਤਕਲੀਫ਼ ਅਲਬਰਟਾ ਦੇ ਉੱਤਰ ਵਿਚ ਪੈਂਦੇ ਸਰਦ ਸ਼ਹਿਰ ਵਿਚ ਧਰਤੀ ਥੱਲਿਉਂ ਤੇਲ ਕੱਢਣ ਵਾਲ਼ੇ ਪਲਾਂਟ ਵਿਚ ਸਟੀਮ ਇੰਜੀਨੀਅਰ ਦੀ ਨੌਕਰੀ ਕਰਦੇ ਇਕ 'ਘਾਗ' ਸੱਜਣ ਹੋਈ ਜੋ ਦੁਨੀਆਂ ਦੀਆਂ ਸਭ ਤੋਂ ਵੱਧ ਸ਼ੋਸ਼ਣ ਕਰਨ ਕਰਦੀਆਂ ਤੇਲ ਕੱਢਣ ਵਾਲ਼ੀਆਂ ਪੂੰਜੀਪਤੀ ਕੰਪਨੀਆਂ ਵਿਚ ਖ਼ੁਦ ਮੋਟੀ ਰਕਮ ਕਮਾਉਂਦਾ ਸੀ ਤੇ ਪਲਾਂਟ ਵਿਚ ਰਿਪੇਅਰ ਜਾਂ ਮੇਂਨਟੀਨੈਂਸ ਕਰਨ ਲਈ ਕੀਤੀ 'ਸ਼ੱਟ-ਡਾਊਂਨ' ਦੌਰਾਨ ਸੁਪਰਵਾਈਜ਼ਰ ਦੀ ਖ਼ੁਸ਼ਾਮਦ ਕਰ ਕੇ ਮਿਲ਼ੇ ਓਵਰ-ਟਾਈਮ ਵਿਚ ਮਿਲਦੀ ਢਾਈ ਗੁਣਾ ਤਨਖ਼ਾਹ ਬਾਰੇ ਗਿੱਬ ਕੇ ਕਹਿੰਦਾ ਹੁੰਦਾ ਸੀ, 'ਕੰਪਨੀ ਦੀ ਸ਼ੱਟ-ਡਾਊਨ 'ਤੇ ਯਾਰਾਂ ਦੀ ਬੱਲੇ ਬੱਲੇ ਚੰਨੀਏਂ'। ਉਹ ਵਿਅਕਤੀ ਉਦਾਸੀ ਨੂੰ ਕੁਝ ਡਾਲਰ ਦੇ ਕੇ ਉਸ ਉੱਤੇ ਵੱਡਾ ਅਹਿਸਾਨ ਜਤਾ ਰਿਹਾ ਸੀ। ਉਸ ਨੂੰ ਉਮੀਦ ਨਹੀਂ ਸੀ ਕਿ ਐਡਮਿੰਟਨ ਵਿਚ ਨਵਾਂ ਨਵਾਂ ਆਇਆ ਇਕ ਸਧਾਰਨ ਸਿਖਾਂਦਰੂ ਇੰਜੀਨੀਅਰ ਐਡੀ ਛਾਲ਼ ਮਾਰ ਸਕਦਾ ਸੀ। ਗੱਲ ਤਾਂ ਲਗਨ ਜਾਂ ਕੁਮੈਂਟਮੈਂਟ ਦੀ ਹੁੰਦੀ ਹੈ, ਉਦੋਂ ਪੈਸਾ ਨਹੀਂ ਦੇਖਿਆ ਜਾਂਦਾ। ਉਸ ਸੱਜਣ ਨੇ ਸ਼ਰਾਬ ਅਤੇ ਸਿਗਰਟਾਂ ਦੇ ਧੂੰਏ ਦੇ ਵਾਵਰੋਲ਼ੇ ਛੱਡਦਿਆਂ ਮੈਨੂੰ ਮੇਰੀ 'ਔਕਾਤ' ਯਾਦ ਕਰਵਾਈ ਕਿ ਮੈਂ ਕੁਝ ਜ਼ਿਆਦਾ ਹੀ ਲਿਮਿਟ ਤੋਂ ਬਾਹਰ ਹੁੰਦਾ ਜਾ ਰਿਹਾ ਹਾਂ ਤੇ ਮੇਰਾ ਕੁਛ ਕਰਨਾ ਪਊ। ਉਸ ਨੂੰ ਇਸ ਵਿਚ ਆਪਣੀ ਪੈਂਠ ਨੂੰ ਖੋਰਾ ਲੱਗਣ ਦਾ ਧੁੜਕੂ ਸੀ। ਉਹ ਬਰਾਬਰ ਨਾਰਾਜ਼ ਚੱਲ ਰਿਹਾ ਸੀ। ਉਸ ਨੇ ਮੈਨੂੰ ਉਦਾਸੀ ਨੂੰ ਕੀਤੀ ਭੇਂਟ ਨੂੰ ਵਾਪਸ ਲੈਣ ਦੀ ਝਿੜਕ ਵੀ ਦਿੱਤੀ। ਪਰ ਮੈਂ ਪਿੱਛੇ ਨਹੀਂ ਹਟਿਆ, ਨਤੀਜੇ ਵਜੋਂ ਅੱਗੇ ਜਾ ਕੇ ਮੈਨੂੰ ਇਸ ਵੱਲੋਂ ਕੀਤੀ ਕਿਰਦਾਰਕੁਸ਼ੀ ਅਤੇ ਮਾਨਸਿਕ ਤਸੀਹੇ ਸਹਿਣੇ ਪਏ।

ਉਦਾਸੀ ਦਾ ਸਹੀ ਮੁਲਾਂਕਣ

ਉਨ੍ਹੀਂ ਦਿਨੀ ਅਸੀਂ 'ਵਤਨੋ ਦੂਰ' ਮੈਗਜ਼ੀਨ ਐਡਮਿੰਟਨ ਤੋਂ ਪ੍ਰਕਾਸ਼ਿਤ ਕਰਿਆ ਕਰਦੇ ਸਾਂ। ਉਦਾਸੀ ਨਾਲ਼ ਸਾਡਾ ਸੰਪਰਕ ਬਰਾਬਰ ਬਣਿਆ ਰਿਹਾ। ਭਾਰਤ ਖ਼ਾਸ ਕਰ ਕੇ ਪੰਜਾਬ ਵਿਚ ਰਾਜਨੀਤਕ ਹਾਲਾਤ ਬਹੁਤ ਨਾਸਾਜ਼ ਚੱਲ ਰਹੇ ਸਨ, ਪੰਜਾਬ ਵਿਚ ਵਿਸਫੋਟਕ ਰਾਜਸੀ ਉੱਥਲ-ਪਥੱਲ ਤੇ ਦਿਨ-ਦਿਹਾੜੇ ਖ਼ੂਨ-ਖ਼ਰਾਬੇ, ਕਤਲਾਂ ਦੀਆਂ ਹਿੰਸਕ ਘਟਨਾਵਾਂ ਆਏ ਦਿਨ ਵਾਪਰ ਰਹੀਆਂ ਸਨ। ਪੰਜਾਬ ਦੀ ਇਹ ਹਾਲਤ ਦੇਖ ਕੇ ਉਦਾਸੀ ਬੇਵਸ ਤੇ ਬੇਚੈਨ ਸੀ। 13 ਜੁਲਾਈ 1983 ਨੂੰ 'ਵਤਨੋਂ ਦੂਰ' ਨੂੰ ਭੇਜੇ ਇਕ ਖ਼ਤ ਵਿਚ ਉਦਾਸੀ ਨੇ ਆਪਣੀ ਮਨ ਦੀ ਲਾਚਾਰੀ ਸਾਂਝੀ ਕੀਤੀ: ਤੁਹਾਨੂੰ ਖ਼ਤ ਲਿਖਣ ਦੀ ਚਰੋਕਣੀ ਰੀਝ ਸੀ, ਪਰ...। ਬਾਕੀ ਅੱਜ ਹੀ ਮੈਂ 'ਕੰਮੀਆਂ ਦਾ ਵਿਹੜਾ' ਨਵੀਂ ਪੁਸਤਕ ਦਾ ਖਰੜਾ ਦੋ ਕਾਪੀਆਂ ਵਿੱਚ ਹੱਥੀਂ ਲਿਖਿਆ ਹੈ, ਕੱਲ੍ਹ ਨੂੰ ਦੁਸਾਂਝ ਨੂੰ ਦੇ ਕੇ ਆਵਾਂਗਾ। ਮੇਰਾ ਖ਼ਿਆਲ ਹੈ ਕਿ 'ਵਤਨੋਂ ਦੂਰ' ਅਤੇ 'ਅਣੂ' ਦੋ ਇਹੋ ਜਿਹੇ ਰਸਾਲੇ ਹਨ ਜਿੰਨ੍ਹਾਂ ਨੂੰ ਮੈਂ ਕੇਵਲ ਮਿਲਣਸਾਰ ਹੀ ਪੜ੍ਹ ਕੇ ਸਾਹ ਲੈਂਦਾ ਹਾਂ। ਬਾਕੀਆਂ ਨੂੰ ਕਿਸ਼ਤਾਂ ਨਾਲ਼ ਪੜ੍ਹਦਾ ਹਾਂ। 'ਸਮਤਾ' ਪੜ੍ਹ ਕੇ ਮੈਨੂੰ ਬਹੁਤ ਖਿਝ ਆਉਂਦੀ ਹੈ ਪਰ ਭਾ ਜੀ ਗੁਰਸ਼ਰਨ ਸਿੰਘ ਕਰ ਕੇ ਇਸ ਖਿਝ ਨੂੰ ਪੀ ਜਾਂਦਾ ਹਾਂ। ਬਾਕੀ ਪੰਜਾਬ ਦੇ ਮਸਲੇ ਬਾਰੇ ਤੁਹਾਨੂੰ ਬਹੁਤ ਹੀ ਸੰਜੀਦਗੀ ਨਾਲ਼ ਛਾਪਣਾ ਚਾਹੀਦਾ ਹੈ। ਪੰਜਾਬ ਦੀਆਂ ਆਰਥਿਕ ਮੰਗਾਂ ਜੁ ਸਾਨੂੰ ਉਠਾਉਣੀਆਂ ਚਾਹੀਦੀਆਂ ਸਨ, ਉਹ ਅਕਾਲੀਆਂ ਉਠਾ ਲਈਆਂ ਤਾਂ ਇਸ ਵਿਚ ਪੰਜਾਬ ਜਾਂ ਭਾਰਤ ਦੇ ਲੋਕਾਂ ਦਾ ਕੀ ਕਸੂਰ ਹੈ? ਜਿਹੜੀਆਂ ਅੱਤਵਾਦ ਅਤੇ ਵੱਖਵਾਦ ਦੀਆਂ ਖ਼ਬਰਾਂ ਤੁਹਾਡੇ ਤੀਕ ਅੱਪੜ ਰਹੀਆਂ ਹਨ, ਇਹ ਕੇਵਲ ਪੰਜਾਬ ਦੇ ਇਨਕਲਾਬੀ ਵਿਰਸੇ ਦਾ ਮੱਚ ਮਾਰਨ ਲਈ ਤੇ ਸਰਕਾਰ ਵੱਲੋਂ ਕੀਤੇ ਜਾਂਦੇ ਤਸ਼ੱਦਦ ਨੂੰ ਸਹੀ ਠਹਿਰਾਉਣ ਲਈ ਵਾਵੇਲਾ ਹਨ। ਕਮਿਊਨਿਸਟ ਤਹਿਰੀਕ ਦੀ ਬਦਕਿਸਮਤੀ ਰਹੀ ਹੈ ਕਿ ਇਸ ਤਹਿਰੀਕ ਨੂੰ ਉਠਾ ਨਹੀਂ ਸਕੀ। (ਜਿਵੇਂ 1947 ਵਿਚ ਕਾਂਗਰਸ ਦੀ ਅਨੁਆਈ ਅੱਗੇ ਝੁਕ ਗਈ ਸੀ) ਐਮਰਜੈਂਸੀ ਸਮੇਂ ਕੀਤੀ ਹੋਈ ਚਮਚਾਗਿਰੀ ਮਗਰੋਂ ਮਹਾਨ ਗ਼ਲਤੀ ਮੰਨੀ) ਅਜੋਕੇ ਸਮੇਂ ਦੀ ਭਖ਼ਦੀ? ਉਦਾਹਰਣ ਹੈ। ਸੋ ਪੰਜਾਬ ਦੇ ਮਸਲੇ ਬਾਰੇ ਤੁਹਾਨੂੰ ਜੈਕਾਰਾ ਨਹੀਂ ਦੱਸ ਸਕਦਾ। ਭਾਰਦਵਾਜ ਦਾ ਲਿਆ ਸਟੈਂਡ 51% ਠੀਕ ਹੈ। ਉਸ ਨੇ ਘੱਟੋ-ਘੱਟ ਬੁਰਕਾ ਪਹਿਨ ਕੇ ਭਖ਼ਦੇ ਮਸਲੇ ਤੋਂ ਅੱਖਾਂ ਨਹੀਂ ਮੀਟੀਆਂ ਅਤੇ ਪੰਜਾਬ ਦੇ ਮਸਲੇ ਨੂੰ ਦਿੱਲੀ ਦੀ ਬੋਲੀ ਵਾਂਗ (ਜਿਵੇਂ ਸਾਡੇ ਸੱਜੇ-ਖੱਬੇ ਕਮਿਊਨਿਸਟ ਬੋਲਦੇ ਹਨ) ਨਹੀਂ ਬੋਲਿਆ। 'ਇਪਾਨਾ' ਨੇ ਚੰਗਾ ਕੰਮ ਕੀਤਾ ਹੈ ਕਿ ਗੁਰਸ਼ਰਨ ਸਿੰਘ ਰਾਹੀਂ ਲੋਕ ਮੰਚ ਦੀ ਦੱਖ ਲੋਕਾਂ ਸਾਹਮਣੇ ਰੱਖੀ ਹੈ। ਮੇਰੀ ਵੱਡੀ ਖਾਹਸ਼ ਸੀ। ਪਰ 'ਇਪਾਨਾ' ਵਾਲ਼ੇ ਸਾਥੀ ਭਾ ਜੀ ਗੁਰਸ਼ਰਨ ਸਿੰਘ ਦੇ ਰੋਲ ਨੂੰ ਕੇਵਲ ਇਕ ਗਰੁੱਪ ਤੱਕ ਸੀਮਤ ਕਰਨ ਤੋਂ ਰੋਕਣਗੇ ਜਿਵੇਂ ਕਿ ਪਿਛਲੇ ਕੁਝ ਮਹੀਨਿਆਂ ਵਿਚ ਪਲਸ ਮੰਚ ਦੇ ਨਾਂ ਹੇਠ ਭਾ ਜੀ ਵੱਲੋਂ ਕੀਤਾ ਗਿਆ ਹੈ। ਇਸ ਸਾਰੇ ਕੁਝ ਦੇ ਵਰਤਾਰੇ ਬਾਅਦ ਵੀ ਮੈਂ ਆਪਣੇ ਕਿਰਤੀ ਲੋਕਾਂ ਵੱਲੋਂ ਭਾ ਜੀ ਦਾ ਸਤਿਕਾਰ ਕਰਦਾ ਹਾਂ ਜਿੰਨ੍ਹਾਂ ਨੇ ਲੋਕ ਗੀਤ ਅਪਣਾਈ। ਮੈਂ ਗੱਲ ਵਧਾ ਗਿਆ ਹਾਂ। ਚਲੋ ਅੱਛਾ।...

....ਸਰਕਾਰ ਪੰਜਾਬ ਨੂੰ ਬੋਲੀ, ਕੌਮ ਅਤੇ ਮੁੱਖ ਪੈਦਾਵਾਰੀ ਇਕਾਈ ਵਜੋਂ ਮਾਰਨਾ ਚਾਹੁੰਦੀ ਹੈ। ਪੰਜਾਬ ਦਾ ਮਸਲਾ ਅਸਲ ਵਿਚ ਕੇਂਦਰ ਅਤੇ ਸੂਬਿਆਂ ਦੇ ਅਧਿਕਾਰਾਂ ਦਾ ਮਸਲਾ ਹੈ ਜੋ ਮਾਰਕਸਵਾਦੀ ਨਜ਼ਰੀਏ ਤੋਂ ਦਰੁਸਤ ਹੈ ਪਰ ਸਰਕਾਰ ਜਾਣ ਬੁੱਝ ਕੇ ਇਸ ਨੂੰ ਹਿੰਦੂਆਂ ਅਤੇ ਸਿੱਖਾਂ ਦਾ ਮਸਲਾ ਬਣਾ ਰਹੀ ਹੈ ਬੇਸ਼ੱਕ ਅਕਾਲੀ ਨੀਤ ਦੀ ਤਹਿ ਹੇਠ ਅਕਾਲੀ ਤੇ ਕਾਂਗਰਸ ਦਾ ਮਸਲਾ ਡਾਂਗ ਵਾਂਗ ਖਲੋਤਾ ਹੈ... - ਸੰਤ ਰਾਮ ਉਦਾਸੀ, 13 ਜੁਲਾਈ 1983 (ਪਿੰਡ ਤੇ ਡਾਕ: ਰਾਏਸਰ, ਤਹਿਸੀਲ ਬਰਨਾਲਾ, ਜ਼ਿਲਾ ਸੰਗਰੂਰ, ਪੰਜਾਬ, ਇੰਡੀਆ) ਇਤਨੀ ਸੀ ਬਾਤ ਨੇ ਫ਼ਸਾਨਾ ਕਰ ਦੀਆ! ਉਦਾਸੀ ਦੇ ਇਸ ਖ਼ਤ ਨੇ ਸਾਡੀਆਂ ਖੱਬੀਆਂ ਧਿਰਾਂ ਵਿਚ ਤਹਿਲਕਾ ਮਚਾ ਦਿੱਤਾ। ਅਸੀਂ ਉਸ ਦੇ ਮਗਰ ਗੰਡਾਸੇ ਚੁੱਕ ਕੇ ਪੈ ਨਿੱਕਲ਼ੇ। ਸਾਡੇ ਵਿਚੋਂ ਕਈਆਂ ਨੇ ਤਾਂ ਤੱਤ-ਭੜੱਥੀ ਅੱਗ ਉਗਲਣੀ ਸ਼ੁਰੂ ਕਰ ਦਿੱਤੀ। 1980 ਤੋਂ ਬਾਅਦ ਇਕ ਨਕਸਲੀ ਗਰੁੱਪ ਨੇ ਉਸਨੂੰ ਲੋਕ ਕਵੀ ਦੀ ਬਜਾਇ 'ਨੋਟ ਕਵੀ' ਅਤੇ 'ਲਹੂ ਭਿੱਜੇ ਬੋਲ' ਦੀ ਥਾਂ 'ਉਦਾਸੀ ਦੇ ਸ਼ਰਾਬੀ ਬੋਲ' ਵਰਗੇ ਲਕਬਾਂ ਨਾਲ਼ ਨਿਵਾਜ਼ਿਆ ਬਣਦਾ ਤਾਂ ਇਹ ਸੀ ਕਿ ਉਦਾਸੀ ਦੇ ਇਸ ਬਿਆਨ ਤੇ ਇਸ ਦੀ ਸਾਰਥਿਕਤਾ ਬਾਰੇ ਸਾਰੀਆਂ ਖੱਬੀਆਂ ਧਿਰਾਂ ਵੱਲੋਂ ਗੰਭੀਰਤਾ ਨਾਲ਼ ਵਿਚਾਰ ਕੀਤਾ ਜਾਂਦਾ ਕਿਕੀ ਉਸਦੀ ਵੱਧ ਅਧਿਕਾਰਾਂ ਤੇ ਆਰਥਿਕ ਮੰਗਾਂ ਵਾਲ਼ਾ ਮੁੱਦਾ ਸਾਡੀਆਂ ਖੱਬੀਆਂ ਧਿਰਾਂ ਵੱਲੋਂ ਨਾ ਉਠਾਉਣ ਵਾਲ਼ੀ ਦਲੀਲ ਵਿਚ ਕੋਈ ਤਰਕ ਹੈ? ਕੇਂਦਰ ਸਰਕਾਰਾਂ ਵੱਲੋਂ ਪੰਜਾਬ ਨਾਲ਼ ਰੇੜਕਾ ਚਿਰਾਂ ਤੋਂ ਚਲਿਆ ਆ ਰਿਹਾ ਹੈ/ਸੀ। ਇਸ ਰੇੜਕੇ ਨੂੰ ਪੂਰੀ ਤਰ੍ਹਾਂ ਸਮਝਣ ਲਈ ਲੇਖਕ ਦੇ 'ਪਹਿਲਾਂ ਪਾਣੀ ਜੀਉ ਹੈ' ਲੇਖ-ਲੜੀ ਵਿਚ ਸ਼ਾਮਲ ਲੇਖ ਵਿਚਾਰੇ ਜਾ ਸਕਦੇ ਹਨ। ਵੱਖ ਵੱਖ ਗਰੁੱਪਾਂ 'ਚ ਵੰਡੇ ਹੋਣ ਕਰ ਕੇ ਅਸੀਂ ਪੰਜਾਬ ਦੇ ਪਾਣੀਆਂ ਦੀ ਗ਼ੈਰ-ਕਾਨੂੰਨੀ ਲੁੱਟ, ਐੱਸ ਵਾਈ ਐੱਲ, ਤੇ ਆਰਥਿਕ ਮੰਗਾਂ ਦਾ ਸੰਘਰਸ਼ ਕੇਂਦਰ ਸਰਕਾਰ ਦੇ ਖ਼ਿਲਾਫ਼ ਚਲਾਉਣ ਤੋਂ ਅਸਮਰੱਥ ਰਹੇ। ਉਸ ਖਿਲਾਅ ਵਿਚੋਂ ਹੀ ਸੰਘਰਸ਼ ਦਾ ਇਹ ਲਾਸਾਨੀ ਅਵਸਰ ਸਾਡੇ ਹੱਥੋਂ ਨਿਕਲ ਕੇ ਫਿਰਕੂ ਤਾਕਤਾਂ ਦੇ ਹੱਥ ਆ ਗਿਆ ਤੇ ਉਨ੍ਹਾਂ ਇਸ ਦਾ ਭਰਪੂਰ ਲਾਹਾ ਲਿਆ ਤੇ ਅਜੇ ਤੀਕ ਇਸ ਤਵੇ 'ਤੇ ਸਿਆਸੀ ਮੰਡੇ ਸੇਕ ਰਹੇ ਹਨ। ਉਦਾਸੀ ਦਾ 1979 ਵਾਲ਼ਾ ਬਿਆਨ ....ਸਰਕਾਰ ਪੰਜਾਬ ਨੂੰ ਬੋਲੀ, ਕੌਮ ਅਤੇ ਮੁੱਖ ਪੈਦਾਵਾਰੀ ਇਕਾਈ ਵਜੋਂ ਮਾਰਨਾ ਚਾਹੁੰਦੀ ਹੈ। ਪੰਜਾਬ ਦਾ ਮਸਲਾ ਅਸਲ ਵਿਚ ਕੇਂਦਰ ਅਤੇ ਸੂਬਿਆਂ ਦੇ ਅਧਿਕਾਰਾਂ ਦਾ ਮਸਲਾ ਹੈ ਜੋ ਮਾਰਕਸਵਾਦੀ ਨਜ਼ਰੀਏ ਤੋਂ ਦਰੁਸਤ ਹੈ ਪਰ ਸਰਕਾਰ ਜਾਣ ਬੁੱਝ ਕੇ ਇਸ ਨੂੰ ਹਿੰਦੂਆਂ ਅਤੇ ਸਿੱਖਾਂ ਦਾ ਮਸਲਾ ਬਣਾ ਰਹੀ ਹੈ ਬੇਸ਼ੱਕ ਅਕਾਲੀ ਨੀਤ ਦੀ ਤਹਿ ਹੇਠ ਅਕਾਲੀ ਤੇ ਕਾਂਗਰਸ ਦਾ ਮਸਲਾ ਡਾਂਗ ਵਾਂਗ ਖਲੋਤਾ ਹੈ... ਵਿਚਲੀ ਸਾਰਥਿਕਤਾ ਦੀ ਸਾਡੀਆਂ ਖੱਬੀਆਂ ਧਿਰਾਂ ਨੂੰ ਇਹ ਗੰਭੀਰਤਾ ਨਾਲ਼ ਪੁਨਰ-ਵਿਚਾਰ ਕਰਨ ਦੀ ਲੋੜ ਹੈ। ਕੀ 2020-21 ਦੇ ਕਿਸਾਨ ਸੰਘਰਸ਼ ਸਮੇਂ ਕੇਂਦਰ ਵੱਲੋਂ ਪੰਜਾਬ ਨੂੰ ਬੋਲੀ, ਕੌਮ ਅਤੇ ਮੁੱਖ ਪੈਦਾਵਾਰੀ ਇਕਾਈ ਵਜੋਂ ਮਾਰਨ ਦੇਇਹ ਹਾਲਾਤ ਨਹੀਂ ਸਨ? ਬਣਦਾ ਤਾਂ ਇਹ ਸੀ ਕਿ ਅਸੀਂ ਆਪਾ-ਪੜਚੋਲ ਕਰਦੇ ਪਰ ਅਸੀਂ ਲੱਗਦੇ ਹੱਥ ਹੀ ਉਦਾਸੀ ਨੂੰ ਅਕਾਲੀ, ਸਿੱਖ-ਮਾਨਸਿਕਤਾ ਦਾ ਸ਼ਿਕਾਰ ਗਰਦਾਨਣਾ ਸ਼ੁਰੂ ਕਰ ਦਿੱਤਾ।

**—ਚਲਦਾ**



ਸ਼ੂਗਰ ਕਾਰਨ ਆਈ ਮਰਦਾਨਾ ਕਮਜ਼ੋਰੀ, ਧਾਤ,
ਸਪਨਦੋਸ਼ ਦਾ ਜਬਰਦਸਤ ਇਲਾਜ

ਬੇਔਲਾਦ ਮਿਲੋ
ਕੱਦ ਲੰਬਾ ਕਰੋ

ਪੱਥਰੀ ਬਵਾਸੀਰ ਰਸੌਲੀਆਂ

ਬਿਨਾਂ ਆਪ੍ਰੇਸ਼ਨ ਇਲਾਜ
ਔਰਤਾਂ ਦੀਆਂ ਸਾਰੀਆਂ ਬੀਮਾਰੀਆਂ ਦਾ ਇਲਾਜ
ਮੋਟਾਪਾ ਘੱਟਾਉ, ਦਮਾਂ ਖਾਂਸੀ ਅਤੇ ਚਮੜੀ ਦੇ ਰੋਗਾਂ ਦਾ ਮਾਹਿਰ



ਮਿਲਣ ਵਾਸਤੇ ਡਾ. ਸਾਹਿਬ ਤੋਂ ਫੋਨ ਤੇ ਸਮਾਂ ਲਵੋ
ਅਤੇ ਘਰ ਬੈਠੇ ਦਵਾਈ ਮੰਗਵਾਉ

ਡਾ. ਜੈਲ ਸਿੰਘ ਰਾਜਪੂਤ ਕਲੀਨਿਕ

ਸ਼ਾਪ ਨੰ. 1 ਸਾਹਮਣੇ ਬੱਸ ਸਟੈਂਡ ਜਲੰਧਰ ਅਤੇ ਖਰੜ
ਡਾ. ਵਰਿਆਮ ਸਿੰਘ ਰਾਜਪੂਤ ਕਲੀਨਿਕ

78141-61992
98141-61992



SAHARA LAW CORPORATION
BARRISTER SOLICITOR & NOTARY PUBLIC
saharalawcorp@gmail.com 778-347-7525



ਸਹਾਰਾ ਲਾਅ ਕਾਰਪੋਰੇਸ਼ਨ
ਬੈਰਿਸਟਰ ਸਾਲਿਸਟਰ ਅਤੇ ਨੋਟਰੀ ਪਬਲਿਕ

- Areas of Practice • ਸਰਵਿਸਸ
- Family Law • ਫੈਮਲੀ ਲਾਅ
- Immigration Law • ਇੰਮੀਗ੍ਰੇਸ਼ਨ ਲਾਅ
- Criminal Law • ਕ੍ਰਿਮੀਨਲ ਲਾਅ
- Real Estate Law • ਰੀਅਲ ਅਸਟੇਟ ਲਾਅ
- Notary Services • ਨੋਟਰੀ ਸੇਵਾਵਾਂ
(Provide all Kinds of Notary Services) (ਹਰ ਤਰ੍ਹਾਂ ਦੀਆਂ ਨੋਟਰੀ ਸੇਵਾਵਾਂ ਉਪਲਬਧ ਹਨ)



Gurmeet Singh Chaina

20 YEARS OF EXPERIENCE AS A LAWER IN INDIA

Also member of Punjab & Haryana High Court Bar Association and Free consultation About your litigation matters in India.

FREE CONSULTATION
Mon-Sat 9am-5pm

205-2580 Cedar Park, Abbotsford, BC V2T 3S5





FUTURE IS ALBERTA
Dont missed out opportunity
Sale/ purchase/investmentIn Hotels, Motels, apartments, Land development parcels, acres.

ਅਲਬਰਟਾ ਹੈ ਕੈਨੇਡਾ ਦਾ ਭਵਿੱਖ
ਕੀ ਤੁਸੀਂ ਅਲਬਰਟਾ ਵਿੱਚ ਨਿਵੇਸ਼ ਦੇ ਚਾਹਵਾਨ ਹੋ ?
ਤਾਂ ਮੌਕਾ ਨਾ ਖੁੰਝਾਓ
ਹੋਟਲ, ਮੋਟਲ, ਅਪਾਰਟਮੈਂਟ, ਲੈਂਡ ਡਿਵੈਲਪਮੈਂਟ ਜਾਂ ਜ਼ਮੀਨ ਖ਼੍ਰੀਦਣ ਲਈ ਅੱਜ ਹੀ ਸੰਪਰਕ ਕਰੋ।
ਪੰਜਾਬੀ ਭਾਈਚਾਰੇ ਦੀ ਜਾਣੀ ਪਹਿਚਾਣੀ ਸ਼ਖਸੀਅਤ
ਪੀਟਰ ਸੰਧੂ।



CALL: PETER SANDHU
780-237-2838



MOHALI-PUNJAB
RAJA REAL ESTATE

FOR SALE PURCHASE IN CHANDIGARH, MOHALI, PUNJAB HARYANA & HIMACHAL

KOTHI, HOUSE, HOTEL, MOTEL, FARM, PLOT, LAND OR ANY OTHER PROPERTY, PLEASE CONTACT VERY RELIABLE AND CONFIDENTIAL SERVICES

*For all your real Estate services with honesty, integrity and dignity.*

ਚੰਡੀਗੜ੍ਹ, ਮੋਹਾਲੀ, ਪੰਜਾਬ, ਹਰਿਆਣਾ, ਹਿਮਾਚਲ ਵਿਚ ਕੋਠੀ, ਘਰ, ਹੋਟਲ, ਮੋਟਲ, ਫਾਰਮ, ਜ਼ਮੀਨ ਜਾਇਦਾਦ ਅਤੇ ਪਲਾਟ ਆਦਿ ਵੇਚਣ ਖ਼੍ਰੀਦਣ ਲਈ ਅਤੀ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਤੁਰੰਤ ਸੰਪਰਕ ਕਰੋ

ਹੋਰ ਵਧੇਰੇ ਜਾਣਕਾਰੀ ਲਈ ਸਰੀ ਰਹਿੰਦੇ ਸੰਤੋਖ ਸਿੰਘ ਮੰਡੇਰ ਨਾਲ ਫੋਨ ਨੰਬਰ 604-505-7000 'ਤੇ ਸੰਪਰਕ ਕਰ ਸਕਦੇ ਹੋ।







* Residential
* Commercial
* Investment
Property.

RAJA LIDHAR
Cell: 91-98729-72599
rajalidhar@gmail.com

SANTOKH SINGH MANDER
Cell. 604-505-7000
khedsansaar@yahoo.com

Office: SCO 18, 3rd. Floor, Block G, Aero Arcade, Aero City, Mohali-Punjab.



## BRIDE WANTED
## ਲੜਕੀ ਦੀ ਲੋੜ

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 35 ਸਾਲ,ਕੱਦ 5 ਫੁੱਟ 11 ਇੰਚ, ਪਲੱਸ ਟੂ, ਆਈ ਟੀ ਆਈ ?ਡਿਪਲੋਮਾ ਹੋਲਡਰ, ਕੈਨੇਡਾ ਵਿਚ ਵਰਕ ਪਰਮਿਟ ਤੇ ਟਰੱਕ ਡਰਾਈਵਰ ਵਜੋਂ ਕੰਮ ਕਰ ਰਹੇ ਵਾਸਤੇ, ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ।

ਚਾਹਵਾਨ ਸੰਪਰਕ ਕਰੋ- ਫੋਨ ਨੰਬਰ 672 -866 -0113 ਜਾਂ 778-929-8304

**DEC.**

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 45 ਸਾਲ, ਡਬਲ ਐਮ.ਏ, 3 ਡਿਪਲੋਮਾ, ਵੈਸ਼ਨੂੰ, ਕੈਨੇਡਾ ਵਿਜਟਰ ਤੇ ਆਏ ਲਈ ਲੜਕੀ ਦੀ ਲੋੜ ਹੈ। ਚਾਹਵਾਨ ਸੰਪਰਕ ਕਰੋ- ਵਟਸਐਪ- 98724-39814

**OCT.**

### Looking boy

Parents seek a suitable alliance for our Manglik daughter, a 25-year-old Canadian citizen of Hindu Saraswat Brahmin background. 5'5" tall, she has completed her Bachelor of Commerce from the University of Manitoba, is pursuing CPA, and currently working as an accountant in a multinational corporation. We are looking for a well-educated, religious, and Hindu boy based in Canada to complement her aspirations and values. If interested, please contact 204-930-5695 or 204-930-4539.

**NOV.**

### ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ, ਇਟਲੀ ਤੋਂ ਕੈਨੇਡਾ ਵਿਚ ਵਿਜਟਰ ਵੀਜ਼ੇ ਤੇ ਆਇਆ ਲੜਕਾ ਉਮਰ 32 ਸਾਲ, ਕੱਦ 5 ਫੁੱਟ 9 ਇੰਚ, ਪਲੱਸ ਟੂ, ਕੰਪਿਊਟਰ ਤੇ ਅਕਾਊਂਟਿੰਗ ਕੋਰਸ ਪਾਸ, ਵਾਸਤੇ ਯੋਗ ਲੜਕੀ ਦੀ ਲੋੜ ਹੈ। ਕੈਨੇਡੀਅਨ ਪੀ ਆਰ ਤਲਾਕਸ਼ੁਦਾ ਵੀ ਵਿਚਾਰਨਯੋਗ। ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰੋ- 604-799-6905

**NOV**

### ਲੜਕੀ ਦੀ ਲੋੜ

ਰਾਮਗੜੀਆ ਸਿੱਖ, ਕੈਨੇਡੀਅਨ ਪੀ ਆਰ ਲੜਕਾ, ਉਮਰ 31 ਸਾਲ, ਕੱਦ 5 ਫੁੱਟ 10 ਇੰਚ, ਪੜ੍ਹਾਈ ਬੀ ਟੈਕ, ਵਾਸਤੇ ਪੜੀ ਲਿਖੀ ਕੈਨੇਡੀਅਨ ਲੜਕੀ ਦੀ ਲੋੜ ਹੈ।

ਚਾਹਵਾਨ ਸੰਪਰਕ ਕਰੋ- 403-408-7050 ਜਾਂ 91-70879-3341

**NOV**

### ਲੜਕੀ ਦੀ ਲੋੜ

ਖੱਤਰੀ ਸਿੱਖ, ਕੈਨੇਡੀਅਨ ਸਿਟੀਜ਼ਨ ਲੜਕਾ, ਉਮਰ 38 ਸਾਲ, ਕੱਦ 5 ਫੁੱਟ 6 ਇੰਚ, ਵਾਸਤੇ ਯੋਗ ਕੰਨਿਆ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਵੈਨਕੂਵਰ ਅਤੇ ਸਰੀ ਏਰੀਆ ਨੂੰ ਪਹਿਲ। ਮੈਰਿਜ ਬਿਊਰੋ ਮਾਫ ਕਰਨ।

ਚਾਹਵਾਨ ਸੰਪਰਕ ਕਰੋ। ਫੋਨ ਨੰਬਰ- 778-536-3000

**NOV**

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5 ਫੁੱਟ 11 ਇੰਚ, ਪੜੇ ਲਿਖੇ, ਕੈਨੇਡਾ ਵਿਜਟਰ ਤੇ ਆਏ ਅਤੇ ਐਬਸਫੋਰਡ ਵਿਚ ਆਪਣੇ ਮਾਤਾ-ਪਿਤਾ ਨਾਲ ਰਹਿ ਰਹੇ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੀ ਲ਼ੋੜ ਹੈ। ਚਾਹਵਾਨ ਸੰਪਰਕ ਕਰੋ- ਫੋਨ:-604-217-4709 ਜਾਂ 778-344-1813

**OCT.**


## 'ਦੇਸ-ਪ੍ਰਦੇਸ ਟਾਈਮਜ਼' 'ਚ ਮੈਟਰੀਮੋਨੀਅਲ ਤੇ ਕਲਾਸੀਫਾਈਡ ਦੇਣ ਲਈ ਸੰਪਰਕ ਕਰੋ

**778-772-1994**

**ਵਿਨੀਪੈਗ ਸੰਪਰਕ : 204-955-8396**


## GROOM WANTED
## ਵਰ ਦੀ ਲੋੜ



### ਜੀਵਨ ਸਾਥੀ ਦੀ ਲੋੜ

ਜੱਟ ਸਿੱਖ ਵਿਧਵਾ ਔਰਤ, ਉਮਰ 57 ਸਾਲ, ਕੱਦ 5'5", ਰੰਗ ਸਾਫ, ਗੋਦ ਲਈ ਲੜਕੀ 3 ਸਾਲ, ਵਿਜਟਰ ਵੀਜੇ ਤੇ ਕੈਨੇਡਾ ਆਈ ਵਾਸਤੇ, ਕੈਨੇਡੀਅਨ ਪੀ.ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ ਸੰਪਰਕ ਕਰੋ - 604-698-9096 ਵਟਸਐਪ- 98153-63405.

**NOV.**

### ਲੜਕੇ ਦੀ ਲੋੜ

ਜੱਟ ਸਿੱਖ ਸੰਧੂ ਕੈਨੇਡੀਅਨ ਨਾਗਰਿਕ ਲੜਕੀ ਬੀ. ਏ, ਬੀ. ਐਡ ਸਰਕਾਰੀ ਸਕੂਲ ਟੀਚਰ ਉਮਰ 27 ਸਾਲ ਕੱਦ 5 ਫੁੱਟ 3 ਇੰਚ ਵਾਸਤੇ ਸੁੰਦਰ, ਪੜ੍ਹੇ ਲਿਖੇ, ਨੌਕਰੀ/ਵਪਾਰ ਕਰਦੇ ਵੱਧ ਤੋ ਵੱਧ ਉਮਰ 30 ਸਾਲ ਅਤੇ ਕੱਦ ਘੱਟ ਤੋਂ ਘੱਟ 5 ਫੁੱਟ 9 ਇੰਚ ਲੜਕੇ ਦੀ ਲੋੜ। ਪੜ੍ਹਿਆ ਲਿਖਿਆ ਪਰਿਵਾਰ। ਸਿਰਫ ਮੈਟਰੋ ਵੈਨਕੂਵਰ ਵਾਲੇ ਹੀ ਸੰਪਰਕ ਕਰਨ। 778-384-0964

**OCT.**

### Need Hindu boy

**Hindu Brahmin Family seeking alliance for 27 yeard old daughter (Manglik) , height 5 feet 1 inch, holding Govt job, with good salary in Winnipeg. Looking educated, well settled PR or Canadian Cityzen boy.. No Truck Driver.** Please Contact- 204-414-5852

**OCT.**

### ਲੜਕੇ ਦੀ ਲੋੜ

ਜੱਟ ਸਿੱਖ, ਪੀ.ਆਰ, ਲੜਕੀ, **ਉਮਰ 29 ਸਾਲ, ਕੱਦ 5 ਫੁੱਟ 10 ਇੰਚ**, post graduation diploma holder , ਲਈ ਲੜਕੇ ਦੀ ਲੋੜ ਹੈ। 204-960-0404 'ਤੇ ਸੰਪਰਕ ਕਰੋ।

**NOV.**

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਮਾਨ ਪਰਿਵਾਰ ਦੀ ਲੜਕੀ, ਜਨਮ 1998, ਕੱਦ 5 ਫੁੱਟ 7 ਇੰਚ, ਪੜ੍ਹਾਈ ਲਿਖਾਈ: ਗਰੇਡ 12 ਵਿੱਚ 95 ਪ੍ਰਤੀਸਤ ਅੰਕ ਪ੍ਰਾਪਤ ਕੀਤੇ, ਹੁਣ ਡੋਗਲਸ ਕਾਲਿਜ ਨਿਊ ਵੈਸਟ ਮਨਿਸਟਰ ਬੀਸੀ ਕਨੇਡਾ ਵਿੱਚ ਹੀ ਬੈਚੂਲਅਰ ਇਨ ਅਕਾਊਂਟਿੰਗ ਦੀ ਪੜ੍ਹਾਈ ਕਰ ਰਹੀ ਹੈ ਅਤੇ ਭਵਿੱਖ ਵਿੱਚ ਸੀ ਪੀ ਏ ਦੀ ਯੋਜਨਾ ਹੈ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: P28900946'gmail.com

**OCT.**

### ਲੜਕੀ ਦੀ ਲੋੜ

ਜੱਟ ਸਿੱਖ, ਉਮਰ 34 ਸਾਲ, ਕੱਦ 5 ਫੁੱਟ 10 ਇੰਚ, ਅਮਰੀਕਾ ਰਹਿੰਦੇ ਤੇ ਕੈਨੇਡਾ ਦਾ ਟੂਰਿਸਟ ਵੀਜ਼ਾ, ਵਾਸਤੇ ਅਮਰੀਕਾ ਜਾਂ ਕੈਨੇਡੀਅਨ ਲੜਕੀ ਦੀ ਲੋੜ ਹੈ। ਚਾਹਵਾਨ ਸੰਪਰਕ ਕਰੋ- 431-293-0103 ਜਾਂ 431-293-0089

**NOV**

### ਵਰਕਰਾਂ ਦੀ ਲੋੜ

ਹੇਅਰ ਸਲੂਨ ਲਈ ਬਿਊਟੀਸ਼ਨ ਅਤੇ ਹੇਅਰ ਕਟਿੰਗ ਦਾ ਕੰਮ ਕਰਨ ਲਈ ਚਾਰ ਫੁੱਲ ਟਾਇਮ ਵਰਕਰਾਂ ਦੀ ਲੋੜ ਹੈ। ਇੰਟਰਨੈਸ਼ਨਲ ਸਟੂਡੈਟ ਜਾਂ ਵਰਕ ਪਰਮਿਟ ਵਾਲੇ ਜਾ ਕੋਈ ਵੀ ਫਰੈਸ਼ ਸਟੇਟਸ ਵਾਲੀ ਲੜਕੀ ਹੇਅਰ ਅਤੇ ਬਿਊਟੀਸ਼ਨ ਦਾ ਕੰਮ ਸਲੂਨ ਵਿਚ ਕਰਨਾ ਚਾਹੁੰਦੀ ਹੋਵੇ ਤਾਂ ਉਸ ਨੂੰ ਸਾਰਾ ਫੁੱਲ ਫਰੀ ਕੋਰਸ ਕਰਵਾ ਕੇ ਫੁੱਲ ਟਾਇਮ ਕੰਮ ਦਿੱਤਾ ਜਾਵੇਗਾ, ਸੰਪਰਕ ਕਰੋ।

**ਡਬਲ ਜੀ ਹੇਅਰ ਸਲੂਨ**

78 MANDALAY DRIVE WINNIPEG

**Ph: 204-979-7125**

### NEED WORKER
### ਵਰਕਰਾਂ ਦੀ ਲੋੜ

**ਐਡਮਿੰਟਨ ਦੀ ਉਘੀ ਕਲੀਨ ਅੱਪ ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਸਟੂਡੈਂਟ ਵੀ ਕੰਮ ਕਰ ਸਕਦੇ ਹਨ। ਰਾਈਡ ਦਾ ਪੂਰਾ ਪ੍ਰਬੰਧ ਹੈ। ਸੰਪਰਕ ਕਰੋ- 780-907-9421.**

### NEED WORKER/ਕਲੀਨ ਅੱਪ ਵਰਕਰਾਂ ਦੀ ਲੋੜ

ਵਿੰਨੀਪੈਗ ਦੀ ਕੰਪਨੀ ਐਚ ਐਮ ਟੀ ਬਿਲਡਿੰਗ ਸਰਵਿਸ ਲਿਮਟਡ ਨੂੰ ਕਲੀਨ ਅੱਪ ਵਰਕਰਾਂ ਦੀ ਲੋੜ ਹੈ। ਚਾਹਵਾਨ ਹੇਠ ਲਿਖੇ ਨੰਬਰ ਤੇ ਸੰਪਰਕ ਕਰ ਸਕਦੇ ਹਨ। ਫੋਨ-431-588-1216

# Canada Immigration news

# Absence of EE draws creating uncertainty: All eyes on Immigration Minister



Sandeep Singh Dhanju, Surrey, Canada




Express Entry draws have took place with low predictability as there is no longer a recurring pattern of when a draw will take place. EE draws are usually conducted biweekly by Canada Immigration but the ongoing delays are creating uncertainty among the applicants. It has been 5 weeks without any EE draw due to which the CRS cutoff score is expected to jump to its highest level ever due to this discontinuity in rounds of invitations. A technical glitch was told the reason behind the absence of these draws in the beginning but according to official reports, it was resolved on November 16. Lately, the immigration department again declared that the glitches still exist. In addition to Express Entry candidates, thousands of International students are waiting for a decision on the 20 hour work limit as the ongoing interim program will cease to work on December 31st , 2023. International students are also waiting for an extention in PGWP policy to 2024 which has been extended 3 times in past. All the applicants are looking anxiously for Immigration Minister's announcements regarding these issues.

### OINP invites 1052 applicants

Ontario Immigration Nominee Program has sent invitations to 1052 eligible applicants to apply for PR through EE on November 30th. Candidates with CRS 404 to 430 have received invitation in this draw which has been announced after a gap o two months. Last such draw was conducted on September 26th, 2023 which invited 3600 applicants with CRS 431 or above.

### Increase in inadmissibility fee:

Immigration has announced that w.e.f. December 1st, 2023, application fee for a foreign national applying for return to Canada after being inadmissible, will have to pay more fee. These fees have been adjusted to account for inflation and will be adjusted every year on December 1st. Inadmissible applicants are those who have been convicted anywhere for a criminal offence and are not allowed to enter being considered criminally inadmissible to Canada. There are three types of remedies to counter such inadmissibility; TRP application, Criminal Rehabilitation application and a Legal Opinion Letter.

### MPNP INVITES 268 applicants:

On November 30th, Manitoba Immigrant Nominee Program has sent out 268 invitations under different streams. 148 applicants with close relatives in Manitoba have been invited for PR with minimum rank score of 609. In International Education Stream, 82 Letters of Advice have been sent to eligible applicants. In Skilled Worker Overseas Category, 38 invitations have been issued with lowest score of 720.

### BCPNP invites 185 applicants:

BCPNP has sent 185 invitations for PR. 80 invitations have been issued in General BCPNP draw which included 35 tech occupations. 49 invitations have been sent to applicants with experience as Early Childhood Educators and Assistants. In addition to this, 27 applicants with experience in construction occupations with minimum score of 75 and 29 invitations have been sent to profiles in HealthCare related occupations with minimum score of 60.

## ਜ਼ਿੰਦਗੀਨਾਮਾ, ਬੰਦਗੀਨਾਮਾ ਤੇ ਨਸੀਹਤਨਾਮਾ ਦੀ ਤ੍ਰਿਵੈਣੀ

# 'ਕੱਚੇ ਪੱਕੇ ਰਾਹ'

ਡਾ ਸਾਧੂ ਸਿੰਘ

'ਕੱਚੇ ਪੱਕੇ ਰਾਹ' ਪੰਜਾਬੀ ਸਾਹਿਤਕ ਜਗਤ ਵਿਚ ਜਾਣੇ-ਪਛਾਣੇ ਹਸਤਾਖ਼ਰ ਡਾ ਗੁਰਬਖ਼ਸ਼ ਸਿੰਘ ਭੰਡਾਲ ਦਾ ਜ਼ਿੰਦਗੀਨਾਮਾ ਹੈ, ਬੰਦਗੀਨਾਮਾ ਅਤੇ ਨਸੀਹਤ ਨਾਮਾ ਵੀ ਹੈ।

ਜ਼ਿੰਦਗੀਨਾਮਾ ਇਸ ਲਈ ਕਿਉਂਕਿ ਵਿਚਾਰ ਅਧੀਨ ਪੁਸਤਕ ਬਿਆਸ ਦਰਿਆ ਦੇ ਕੰਢੇ ਵੱਸੇ ਭੰਡਾਲ ਬੇਟ ਵਿਚ ਜਨਮੇ ਗੁਰਬਖ਼ਸ਼ ਸਿੰਘ ਭੰਡਾਲ ਦੇ ਬਚਪਨ, ਪ੍ਰਾਇਮਰੀ ਤੋਂ ਪੀ ਐਚ ਡੀ ਤੀਕ ਦੀ ਪੜ੍ਹਾਈ, ਪ੍ਰਾਪਤੀਆਂ ਭਰਪੂਰ ਕਹਾਣੀ ਦੇ ਉਘੇ ਵੇਰਵਿਆਂ ਦਾ ਦਿਲ ਟੁੰਬਵਾਂ ਬ੍ਰਿਤਾਂਤ ਹੈ। ਇਸ ਵਿਚ ਪੰਜਾਬ ਦੇ ਪ੍ਰਾਈਵੇਟ ਅਤੇ ਸਰਕਾਰੀ ਵਿਦਿਅਕ ਅਦਾਰਿਆਂ ਵਿਚ ਸੇਵਾ ਕਰਦਿਆਂ ਦੁਸ਼ਵਾਰੀਆਂ ਦਾ ਵਰਨਣ ਹੈ ਅਤੇ ਅੰਤ ਵਿਚ ਅਮਰੀਕਾ ਦੀ ਕਲੀਵਲੈਂਡ ਸਟੇਟ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਵਿਚ ਪ੍ਰੋਫੈਸਰੀ ਕਰਨ ਦਾ ਮਾਣ ਮੱਤਾ ਹਾਸਿਲ ਵੀ ਦਰਜ ਹੈ।

'ਕੱਚੇ ਪੱਕੇ ਰਾਹ' ਨੂੰ ਬੰਦਗੀਨਾਮਾ ਆਖਣ ਦਾ ਰਾਜ਼ ਇਹ ਹੈ ਕਿ ਭੰਡਾਲ ਹੁਰੀਂ ਆਪਣੇ ਵਰਤਮਾਨ ਮੁਕਾਮ ਤੇ ਪੁੱਜਣ ਲਈ ਆਪਣੇ ਪਿੰਡ ਦੀ ਮਿੱਟੀ ਦੇ ਕਣਕਣ, ਪੁਰਖ਼ਿਆਂ ਦੇ ਪਸੀਨੇ, ਦੋਸਤਾਂ ਦੀਆਂ ਦਿਲਦਾਰੀਆਂ ਅਤੇ ਅਧਿਆਪਕਾਂ ਦੀ ਸਾਰਥਿਕ ਰਹਿਨੁਮਾਈ ਦਾ ਜ਼ਿਕਰ, ਹਲੀਮੀ ਤੇ ਸ਼ੁਕਰਗੁਜਾਰੀ ਨਾਲ ਦਿਲ ਦੀਆਂ ਗਹਿਰਾਈਆਂ ਤੋਂ ਕੀਤਾ ਹੈ, ਜਿਸ ਵਿਚੋਂ ਉਨ੍ਹਾਂ ਦੀ ਸਨਿਮਰ, ਸੁਹਿਰਦ, ਸਹਿਜ, ਸਮਰਪਿੱਤ ਤੇ ਸੰਤੁਲਤ ਸਖ਼ਸ਼ੀਅਤ ਦੇ ਭਰਵੇਂ ਦੀਦਾਰੇ ਹੁੰਦੇ ਹਨ।


ਭਾਵੇਂ ਡਾ ਭੰਡਾਲ ਹੁਰਾਂ ਦਾ ਇਸ ਪੁਸਤਕ ਦੀ ਰਚਨਾ ਕਰਨ ਵੇਲੇ ਇਹ ਜ਼ਾਹਿਰਾ ਮਨੋਰਥ ਨਾ ਵੀ ਹੋਵੇ ਪਰ ਇਸਦਾ ਹਰ ਪੰਨਾ, ਸਰਵਣ ਪੁੱਤਰ ਵਰਗੀ ਸੁਚੱਜੀ ਸੰਤਾਨ, ਤਪੱਸਵੀ ਵਿਦਿਆਰਥੀ, ਸੁਹਿਰਦ ਦੋਸਤ, ਆਦਰਸ਼ਕ ਪਿਤਾ ਅਤੇ ਸਹੀ ਸਰਥਾਂ ਵਿਚ ਮਾਰਗ ਦਰਸ਼ਕ ਹੋਣ ਵਾਲੇ ਮਿਸਾਲੀ ਅਧਿਆਪਕ ਬਣਨ ਦੇ ਸੰਕੇਤਕ ਪੂਰਨਿਆਂ ਨਾਲ ਭਰਿਆ ਪਿਆ ਹੈ।

**ਡਾ. ਭੰਡਾਲ ਸੰਵੇਦਨਸ਼ੀਲ ਸ਼ਾਇਰ, ਸੁਹਜਵੰਤ ਨਿਬੰਧਕਾਰ, ਬੁੱਧੀਮਾਨ ਭੌਤਿਕ ਵਿਗਿਆਨੀ ਹੈ। ਹੱਥਲੀ ਪੁਸਤਕ ਉਨ੍ਹਾਂ ਦੀ ਪ੍ਰਤਿਭਾ ਵਿਚਲੇ ਇਨ੍ਹਾਂ ਸਭਨਾਂ ਗੁਣਾਂ ਦੇ ਸੁੰਦਰ ਸੁਮੇਲ ਦਾ ਪ੍ਰਤੱਖ ਪ੍ਰਮਾਣ ਹੈ।**

ਡਾ ਭੰਡਾਲ ਸੰਵੇਦਨਸ਼ੀਲ ਸ਼ਾਇਰ, ਸੁਹਜਵੰਤ ਨਿਬੰਧਕਾਰ, ਬੁੱਧੀਮਾਨ ਭੌਤਿਕ ਵਿਗਿਆਨੀ ਹੈ। ਹੱਥਲੀ ਪੁਸਤਕ ਉਨ੍ਹਾਂ ਦੀ ਪ੍ਰਤਿਭਾ ਵਿਚਲੇ ਇਨ੍ਹਾਂ ਸਭਨਾਂ ਗੁਣਾਂ ਦੇ ਸੁੰਦਰ ਸੁਮੇਲ ਦਾ ਪ੍ਰਤੱਖ ਪ੍ਰਮਾਣ ਹੈ।

ਇਸ ਕਿਤਾਬ ਦੇ ਆਖਰੀ ਭਾਗ ਵਿਚ ਸ਼ਾਮਿਲ ਚਾਰ ਪੰਜ ਲਘੂ ਅਕਾਰੀ ਲਲਿਤ ਨਿਬੰਧ ਆਪਣੇ ਕਲੇਵਰ ਵਿਚ ਅਨੂਠੀ ਸ਼ਖਸ਼ੀਅਤ ਦੀ ਸਿਰਜਣਾ ਲਈ ਲੋੜੀਂਦੀਆਂ ਰਮਜ਼ਾਂ ਤੇ ਰਾਜ਼ਾਂ ਤੋਂ ਬਿਨਾਂ ਲੇਖ ਕਦੀ ਭਵਿੱਖ-ਵਰਤੀ ਯੋਜਨਾ ਦਾ ਮਨਮੋਹਕਮਨ-ਚਿੱਤਰ ਵੀ ਲਕੋਈ ਬੈਠੇ ਹਨ ਜੋ ਹਰ ਕਿਸੇ ਦੀ ਜੀਵਨ ਯਾਤਰਾ ਲਈ ਸੁਹੰਢਣਾ ਅਤੇ ਸਾਰਥਿਕ ਸਿੱਧ ਹੋ ਸਕਦਾ ਹੈ।

ਡਾ ਭੰਡਾਲ ਨੂੰ ਇਸ ਰਾਹ-ਦਸੇਰਾ ਪੁਸਤਕ ਲਈ ਢੇਰ ਸਾਰੀਆਂ ਮੁਬਾਰਕਾਂ।







# ਰਸੋਈ ਦੀ ਤਿਆਰੀ ਕਰੋ ਇਕ ਦਿਨ ਪਹਿਲਾਂ...



ਦੋਵੇਂ ਮੋਰਚਿਆਂ ਨੂੰ ਇਕੱਠੇ ਸੰਭਾਲਣਾ ਕਿਸੇ ਲਈ ਵੀ ਮੁਸ਼ਕਿਲ ਹੋ ਸਕਦਾ ਹੈ। ਜੇਕਰ ਪਰਿਵਾਰ ਦਾ ਸਹਿਯੋਗ ਹੋਵੇ ਤਾਂ ਰਸਤਾ ਥੋੜ੍ਹਾ ਆਸਾਨ ਹੋ ਜਾਂਦਾ ਹੈ। ਵੈਸੇ ਥੋੜ੍ਹੀ ਸੂਝਬੂਝ ਨਾਲ ਵੀ ਰਸੋਈ ਦੇ ਕੰਮ ਨੂੰ ਕੰਮਕਾਜੀ ਔਰਤਾਂ ਕੁਝ ਆਸਾਨ ਬਣਾ ਸਕਦੀਆਂ ਹਨ।

### ਤਿਆਰ ਕਰੋ ਪਹਿਲਾਂ ਹੀ ਮੇਨਯੂ

ਹਫਤੇ ਭਰ ਦਾ ਮੇਨਯੂ ਪਹਿਲਾਂ ਤਿਆਰ ਕਰ ਲਓ। ਮੇਨਯੂ ਦੇ ਅਨੁਸਾਰ ਸਬਜ਼ੀਆਂ, ਦਾਲਾਂ, ਅੰਡੇ, ਮੀਟ ਵੀ ਖਰੀਦ ਲਓ ਤਾਂ ਕਿ ਤੁਹਾਡਾ ਸਮਾਂ ਬਚ ਸਕੇ। ਇਸ ਤੋਂ ਇਲਾਵਾ ਮਸਾਲੇ, ਪਿਆਜ਼, ਲਸਣ, ਟਮਾਟਰ ਵੀ ਖਰੀਦ ਕੇ ਰੱਖ ਲਓ, ਜੋ ਇਨ੍ਹਾਂ ਨੂੰ ਤਿਆਰ ਕਰਨ ਲਈ ਜ਼ਰੂਰੀ ਹੈ। ਧਿਆਨ ਰੱਖੋ ਕਿ ਸਾਮਾਨ ਜ਼ਿਆਦਾ ਮਾਤਰਾ ਵਿਚ ਖਰੀਦ ਕੇ ਨਾ ਰੱਖੋ। ਅਡਵਾਂਸ ਯੋਜਨਾਬੰਦੀ ਦਾ ਅਰਥ ਇਹ ਨਹੀਂ ਕਿ ਤੁਸੀਂ ਸਾਮਾਨ ਦੀ ਬਰਬਾਦੀ ਕਰੋ।

### ਕੱਟ ਕੇ ਸਟੋਰ ਕਰੋ

ਜੇਕਰ ਮੇਨਯੂ ਪਹਿਲਾਂ ਹੀ ਤਿਆਰ ਹੈ ਤਾਂ ਉਸ ਦੇ ਅਨੁਸਾਰ ਰਾਤ ਨੂੰ ਪਿਆਜ਼, ਟਮਾਟਰ, ਲਸਣ ਅਤੇ ਅਦਰਕ ਕੱਟ ਕੇ ਹਵਾਬੰਦ ਡੱਬੇ ਵਿਚ ਵਿਚ ਰੱਖ ਲਓ ਤਾਂ ਕਿ ਸਵੇਰ ਨੂੰ ਕੀਮਤੀ ਸਮਾਂ ਬਚ ਸਕੇ। ਟਮਾਟਰ ਦਾ ਪੇਸਟ ਤੁਸੀਂ 2-3 ਦਿਨ ਲਈ ਇਕੱਠਾ ਬਣਾ ਕੇ ਰੱਖ ਸਕਦੇ ਹੋ। ਇਸ ਤਰ੍ਹਾਂ ਲਸਣ, ਅਦਰਕ, ਪਿਆਜ਼ ਵੀ 2-3 ਦਿਨ ਦਾ ਕੱਟ ਕੇ ਰੱਖ ਸਕਦੇ ਹੋ। ਟੀ. ਵੀ. ਦੇਖਦੇ ਸਮੇਂ ਸਵੇਰ ਲਈ ਸਬਜ਼ੀ ਕੱਟ ਕੇ ਹਵਾਬੰਦ ਡੱਬੇ ਵਿਚ ਰੱਖ ਲਓ। ਧਨੀਆ, ਪੁਦੀਨਾ ਵੀ ਤੋੜ ਕੇ ਰੱਖ ਲਓ ਤਾਂ ਕਿ ਚਟਣੀ ਬਣਾ ਸਕੋ ਜਾਂ ਧਨੀਆ ਪੱਤੀ ਦਾ ਸਬਜ਼ੀ ਵਿਚ ਪ੍ਰਯੋਗ ਕਰਕੇ ਸਬਜ਼ੀ ਨੂੰ ਸਵਾਦੀ ਬਣਾ ਸਕੋ।

### ਫਰਿੱਜ ਵਿਚ ਸਹੀ ਤਰੀਕੇ ਨਾਲ ਸਟੋਰ ਕਰੋ

ਕੱਟੀਆਂ ਹੋਈਆਂ ਸਬਜ਼ੀਆਂ ਨੂੰ ਪੋਲੀਥੀਨ ਵਿਚ ਸਟੋਰ ਨਾ ਕਰੋ, ਸਬਜ਼ੀਆਂ ਗਲ਼ ਸਕਦੀਆਂ ਹਨ। ਕੱਟੀਆਂ ਹੋਈਆਂ ਸਬਜ਼ੀਆਂ ਨੂੰ ਸਾਫਟ ਕਾਟਨ ਦੇ ਕੱਪੜੇ ਵਿਚ ਰੱਖ ਕੇ ਡੱਬੇ ਵਿਚ ਰੱਖੋ। ਕੱਟੇ ਪਿਆਜ਼, ਲਸਣ, ਅਦਰਕ, ਹਰੀ ਮਿਰਚ, ਧਨੀਆ, ਪੁਦੀਨਾ ਵੀ ਹਵਾਬੰਦ ਡੱਬੇ ਵਿਚ ਰੱਖੋ।

### ਕਰੋ ਤਿਆਰ ਪਿਊਰੀ ਅਤੇ ਸਾਸ

ਟਮਾਟਰ ਪਿਊਰੀ ਨੂੰ ਅਡਵਾਂਸ ਤਿਆਰ ਕਰਕੇ ਰੱਖੋ। ਇਸੇ ਤਰ੍ਹਾਂ ਚਿੱਲੀ ਸਾਸ, ਸੋਇਆ ਸਾਸ ਵੀ ਪਹਿਲਾਂ ਹੀ ਤਿਆਰ ਕਰੋ। ਇਸ ਨਾਲ ਤੁਹਾਡਾ ਰਸੋਈ ਦਾ ਸਮਾਂ ਕਾਫੀ ਬਚ ਸਕੇਗਾ।

### ਮਸਾਲਿਆਂ ਨੂੰ ਵੀ ਰੱਖੋ ਪਹਿਲਾਂ ਤਿਆਰ

ਕੁਝ ਘਰਾਂ ਵਿਚ ਰਸੋਈ ਦਾ ਕੰਮ ਕਰਦੇ ਸਮੇਂ ਸੁੱਕੇ ਮਸਾਲਿਆਂ ਦੀ ਵਰਤੋਂ ਜ਼ਿਆਦਾ ਹੁੰਦੀ ਹੈ, ਪਿਆਜ਼, ਲਸਣ ਦੀ ਘੱਟ। ਆਪਣੇ ਘਰ ਦੀ ਜ਼ਰੂਰਤ ਅਨੁਸਾਰ ਸੁੱਕੇ ਮਸਾਲੇ ਇਕ ਮਹੀਨੇ ਦੀ ਵਰਤੋਂ ਮੁਤਾਬਿਕ ਖਰੀਦ ਕੇ ਰੱਖੋ। ਜਿਨ੍ਹਾਂ ਮਸਾਲਿਆਂ ਨੂੰ ਘਰ ਵਿਚ ਪੀਸਿਆ ਹੋਵੇ, ਉਨ੍ਹਾਂ ਨੂੰ ਸਾਫ ਕਰਕੇ, ਪੀਸ ਕੇ ਰੱਖੋ। ਬਣੇ-ਬਣਾਏ ਮਸਾਲੇ ਜੋ ਚਾਹੋ, ਉਨ੍ਹਾਂ ਨੂੰ ਖਰੀਦ ਕੇ ਰੱਖੋ। ਇਸ ਤੋਂ ਇਲਾਵਾ ਬੇਕਿੰਗ ਪਾਊਡਰ ਵੀ ਘਰ ਵਿਚ ਰੱਖੋ, ਮਸਾਲਿਆਂ ਦੀ ਡੱਬੀ ’ਤੇ ਤਾਰੀਖ ਜ਼ਰੂਰ ਪਾ ਦਿਓ ਤਾਂ ਕਿ ਮਿਆਦ ਖਤਮ ਹੋਣ ਤੋਂ ਪਹਿਲਾਂ ਉਨ੍ਹਾਂ ਦੀ ਵਰਤੋਂ ਹੋ ਸਕੇ। ਰੈਡੀਮੇਡ ਮਸਾਲਿਆਂ ਨੂੰ ਠੀਕ ਤਰ੍ਹਾਂ ਸਟੋਰ ਕਰੋ, ਡੱਬਿਆਂ ਉੱਤੋਂ ਇਸ ਸਬੰਧੀ ਨਿਰਦੇਸ਼ਾਂ ਨੂੰ ਪੜ੍ਹ ਲਓ।

### ਕੁਝ ਚੀਜ਼ਾਂ ਉਬਾਲ ਕੇ ਪਹਿਲਾਂ ਤਿਆਰ ਰੱਖੋ



ਇਕ ਕਿਲੋ ਆਲੂ ਪਹਿਲਾਂ ਹੀ ਉਬਾਲ ਕੇ ਰੱਖੋ ਤਾਂ ਕਿ ਆਲੂ ਵਾਲੇ ਪਰਾਠੇ ਬਣਾਏ ਜਾ ਸਕਣ ਜਾਂ ਆਲੂ ਦੀ ਸਬਜ਼ੀ ਵੀ ਬਣਾ ਸਕਦੇ ਹੋ। ਰਾਜਮਾਂਹ, ਛੋਲੇ, ਰੋਂਗੀ, ਕਾਲੇ ਛੋਲੇ ਆਫਿਸ ਜਾਣ ਤੋਂ ਪਹਿਲਾਂ ਭਿਉਂ ਕੇ ਰੱਖ ਜਾਓ ਅਤੇ ਰਾਤ ਨੂੰ ਉਨ੍ਹਾਂ ਨੂੰ ਉਬਾਲ ਕੇ ਰੱਖ ਲਓ। ਸਵੇਰੇ ਤੜਕਾ ਤਿਆਰ ਕਰਕੇ ਬਣਾ ਸਕਦੇ ਹੋ ਅਤੇ ਸਮਾਂ ਬਚਾ ਸਕਦੇ ਹੋ। ਥੋੜ੍ਹੇ ਰਾਜਮਾਂਹ, ਚਿੱਟੇ ਛੋਲੇ ਅਤੇ ਕਾਲੇ ਛੋਲਿਆਂ ਦੇ ਵਾਧੂ ਦਾਣੇ ਉਬਾਲ ਕੇ ਫਰਿੱਜ ਵਿਚ ਰੱਖ ਸਕਦੇ ਹੋ ਅਤੇ ਅਚਾਨਕ ਬਣਾਉਣੇ ਪੈਣ ਜਾਂ ਮਹਿਮਾਨ ਆ ਜਾਣ ਤਾਂ ਵਰਤੋਂ ਕਰ ਸਕਦੇ ਹੋ।

### ਆਟਾ ਪਹਿਲਾਂ ਗੁੰਨ੍ਹ ਲਓ

ਰੋਟੀ ਬਣਾਉਣ ਲਈ ਆਟਾ ਰਾਤ ਨੂੰ ਜਾਂ ਸਵੇਰੇ ਚਾਹ ਬਣਾਉਂਦੇ ਸਮੇਂ ਗੁੰਨ੍ਹ ਕੇ ਰੱਖ ਸਕਦੇ ਹੋ ਤਾਂ ਕਿ ਰੋਟੀ ਪੈਕ ਕਰਨ ਲਈ ਸਮਾਂ ਬਚ ਸਕੇ। ਤੁਸੀਂ ਆਟਾ 2-3 ਵਾਰੀ ਦਾ ਇਕੱਠਾ ਗੁੰਨ੍ਹ ਕੇ ਫਰਿਜ ਵਿਚ ਰੱਖ ਸਕਦੇ ਹੋ। ਦਾਲ ਬਚਣ ‘ਤੇ ਦਾਲ ਨੂੰ ਆਟੇ ਵਿਚ ਮਿਲਾ ਕੇ ਪਿਆਜ਼, ਹਰੀ ਮਿਰਚ, ਧਨੀਆ ਪੱਤੀ, ਥੋੜ੍ਹਾ ਵੇਸਣ ਮਿਲਾ ਕੇ ਗੁੰਨ੍ਹ ਸਕਦੇ ਹੋ ਜੋ ਨਾਸ਼ਤੇ ਵਿਚ ਪਰਾਠੇ ਬਣਾਉਣ ਦੇ ਕੰਮ ਆ ਸਕਦਾ ਹੈ।

### ਫਲ, ਸਬਜ਼ੀਆਂ, ਦਾਲਾਂ ਪਹਿਲਾਂ ਭਿਉਂ ਕੇ ਰੱਖੋ

ਮੇਨਯੂ ਅਨੁਸਾਰ ਜੋ ਦਾਲ, ਸਬਜ਼ੀ ਬਣਾਉਣੀ ਹੋਵੇ, ਉਸ ਨੂੰ ਸਵੇਰੇ ਉਠਦੇ ਹੀ ਪਾਣੀ ਵਿਚ ਧੋ ਕੇ ਭਿਉਂ ਦਿਓ, ਤਾਂ ਕਿ ਦਾਲ ਬਣਨ ਵਿਚ ਸਮਾਂ ਵੀ ਘੱਟ ਲੱਗੇ ਅਤੇ ਉਸ ’ਤੇ ਲੱਗਿਆ ਰੰਗ ਵੀ ਲੱਥ ਜਾਵੇ। ਇਸੇ ਤਰ੍ਹਾਂ ਰਾਤ ਦੀ ਕੱਟੀ ਸਬਜ਼ੀ ਸਵੇਰੇ ਭਿਉਂ ਦਿਓ ਤਾਂ ਕਿ ਉਸ ਦੇ ਰੰਗ ਅਤੇ ਉਸ ’ਤੇ ਕੀਤੇ ਛਿੜਕਾਅ ਦਾ ਪ੍ਰਭਾਵ ਘੱਟ ਹੋ ਸਕੇ। ਫਰਿੱਜ ਵਿਚੋਂ ਨਿਕਲੀ ਸਬਜ਼ੀ ਸਾਧਾਰਨ ਤਾਪਮਾਨ ਵਿਚ ਵੀ ਆ ਜਾਵੇਗੀ ਅਤੇ ਬਣਨ ਵਿਚ ਵੀ ਘੱਟ ਸਮਾਂ ਲੱਗੇਗਾ। ਇਸੇ ਤਰ੍ਹਾਂ ਸਲਾਦ ਅਤੇ ਫਲ ਜੋ ਦਫਤਰ ਲਿਜਾਣਾ ਹੈ, ਉਸ ਨੂੰ ਵੀ ਰਾਤ ਨੂੰ ਪਾਣੀ ਵਿਚ ਪਾ ਕੇ ਰੱਖ ਦਿਓ ਤਾਂ ਕਿ ਪੂੰਝ ਕੇ ਉਨ੍ਹਾਂ ਨੂੰ ਕੱਟਿਆ ਜਾ ਸਕੇ।

## ਕਿੰਨਾ ਸੌਂਈਏ



ਇਸ ਗੱਲ ਨਾਲ ਤਾਂ ਸਾਰੇ ਸਹਿਮਤ ਹਨ ਕਿ ਨੀਂਦ ਸਾਰੇ ਸਰੀਰ ਨੂੰ ਸ਼ਕਤੀ ਦਿੰਦੀ ਹੈ ਅਤੇ ਉਨੀਂਦਰਾ ਸਾਨੂੰ ਪ੍ਰੇਸ਼ਾਨ ਕਰ ਦਿੰਦਾ ਹੈ। ਨੀਂਦ ਨਾਲ ਨਾ ਕੇਵਲ ਸਾਰੇ ਸਰੀਰ ਨੂੰ , ਬਲਕਿ ਦਿਮਾਗ ਨੂੰ ਵੀ ਆਰਾਮ ਮਿਲਦਾ ਹੈ। ਹੁਣ ਆਧੁਨਿਕ ਖੋਜਾਂ ਤੋਂ ਇਹ ਪਤਾ ਲੱਗਾ ਹੈ ਕਿ ਜ਼ਿਆਦਾ ਸੌਣਾ ਵੀ ਸਿਹਤ ਲਈ ਚੰਗਾ ਨਹੀਂ ਹੈ। ਜੋ ਲੋਕ 8 ਘੰਟੇ ਤੋਂ ਜ਼ਿਆਦਾ ਸਾਦੇ ਹਨ, ਉਹ ਕਈ ਬਿਮਾਰੀਆਂ ਅਤੇ ਸਮੇਂ ਤੋਂ ਪਹਿਲਾਂ ਮੌਤ ਨੂੰ ਸੱਦਾ ਦੇ ਰਹੇ ਹਨ। ਖੋਜ ਕਰਤਾਵਾਂ ਅਨੁਸਾਰ ਸਾਢੇ ਪੰਜ ਘੰਟੇ ਦੀ ਨੀਂਦ ਆਮ ਕਹੀ ਜਾ ਸਕਦੀ ਹੈ, ਜ਼ਿਆਦਾ ਸੌਣ ਵਾਲੇ ਹੁਣ ਸਾਵਧਾਨ ਹੋ ਜਾਣ।







# Notary Public
## Sharon Atwal

Require the assistance of a NOTARY PUBLIC?

Power of Attorney & Wills | Refinance & Family Transfers

Notarizations and more!

Get in touch with Sharon Atwal, a Delta-based Notary Public. We preparing the necessary legal documents for your real estate matters. We can make it easier for you to manage your buying or selling process, even if it's complicated.

Services also Available in Punjabi & Hindi

604-227-7069

info@sharonnotary.ca www.sharonnotary.ca

11925 80th Ave, Delta, B.C, V4C 1Y1




# PANORAMA
## WEST GROUP PRESENTS....




AMAYA LIVING

REGISTER NOW

*Where Comfort & Community meet...*

LUXURIOUS 1, 2 & 3 BEDROOM CONDOS & TOWNHOMES

PANORAMA WEST GROUP



WWW.AMAYALIVING.CA

DOUGLAS GREENLIVING

LIMITED TIME PROMO
FREE AIR CONDITIONING

FINAL CONDOS RELEASED
ONLY 5% DEPOSIT
Until Completion.
Starting in the low $500s
1-2-3 Bedrooms

PANORAMA WEST GROUP
778-862-8002



WWW.DOUGLASGREENLIVING.COM

www.panoramawesthomes.com/Email:info@panoramawesthomes.com

# Tel:778-885-6700

Address: 101-15150 56 AVE, SURREY BC V3S 1B8

# ਪਰਪੱਕ ਸ਼ਾਇਰ : ਗੁਰਦੀਪ ਭਾਟੀਆ



ਗੁਰਦੀਪ ਭਾਟੀਆ ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਸਰਗਰਮ ਸ਼ਾਇਰ ਹੈ। ਉਸ ਨੇ ਸਮਾਜਿਕ, ਰਾਜਨੀਤਕ, ਆਰਥਿਕ, ਧਾਰਮਿਕ ਵਿਸ਼ਿਆਂ ਨੂੰ ਆਪਣੀਆਂ ਗ਼ਜ਼ਲਾਂ ਵਿਚ ਬਾਖ਼ੂਬੀ ਪੇਸ਼ ਕੀਤਾ ਹੈ। ਸਮੇਂ ਦੀ ਆਵਾਜ਼ ਵੀ ਉਸ ਦੀਆਂ ਰਚਨਾਵਾਂ ਵਿਚ ਉੱਭਰ ਕੇ ਸਾਹਮਣੇ ਆਉਂਦੀ ਰਹੀ ਹੈ। ਉਸ ਦਾ ਸ਼ੁਮਾਰ ਪੰਜਾਬੀ ਦੇ ਚੋਣਵੇਂ ਕਵੀਆਂ ਵਿਚ ਹੁੰਦਾ ਹੈ। ਇਥੇ ਪੇਸ਼ ਹਨ ਉਸ ਦੀਆਂ ਕੁਝ ਗ਼ਜ਼ਲਾਂ- ਹਰਦਮ ਸਿੰਘ ਮਾਨ

## 1

ਕੰਡਿਆਂ ਵਿਚ ਫ਼ੁੱਲ ਖ਼ਬਰੇ ਕਿੰਝ ਮੁਸਕਾਉਂਦਾ ਰਿਹਾ।
ਹੌਸਲਾ ਹੀ ਜ਼ਿੰਦਗੀ ਨੂੰ ਚਾਰ ਚੰਨ ਲਾਉਂਦਾ ਰਿਹਾ।
ਪਾਣੀ ਦਾ ਝਲਕਾਰਾ ਭਾਵੇਂ ਸੀ ਬਰੇਤੀ ਦਾ ਫਰੇਬ,
ਪਰ ਬੜੀ ਉੱਮੀਦ ਬਣ ਕੇ ਦਿਲ ਨੂੰ ਧੜਕਾਉਂਦਾ ਰਿਹਾ।
ਬਿਜਲੀਆਂ ਵੀ ਕੜਕੀਆਂ ,ਝੱਖੜ ਵੀ ਝੁੱਲੇ ਬੇਸ਼ੁਮਾਰ,
ਫੇਰ ਵੀ ਟਲਿਆ ਨ ਬਿਜੜਾ, ਆਲ੍ਹਣਾ ਪਾਉਂਦਾ ਰਿਹਾ।
ਪਿਆਰ ਸੱਚਾ ਮੁੱਲ ਮਿਲਦਾ ਕੌਣ ਨਾ ਲੈਂਦਾ ਖ਼ਰੀਦ,
ਮਾਣ ਸੀ ਦੌਲਤ 'ਤੇ ਜਿਸ ਨੂੰ ਬਹੁਤ ਪਛਤਾਉਂਦਾ ਰਿਹਾ।
ਦੇਖ ਕਿੰਝ ਬਲਦੀ ਚਿਖਾ ਤੇ ਬਲ ਰਿਹੈ ਬਾਲਨ ਦੇ ਵਾਂਗ,
ਜੋ ਜ਼ਮਾਨੇ ਤੋਂ ਸਿਕੰਦਰ ਖ਼ੁਦ ਨੂੰ ਅਖਵਾਉਂਦਾ ਰਿਹਾ।
ਤੁਰ ਪਿਆ ਤਾਂ ਝਾੜੀਆਂ ਅੰਦਰ ਵੀ ਰਸਤੇ ਬਣ ਗਏ,
ਤੁਰਨ ਤੋਂ ਪਹਿਲਾਂ ਸੀ ਕੋਈ ਐਂਵੇ ਘਬਰਾਉਂਦਾ ਰਿਹਾ।
ਮਿਲ ਗਿਆ ਮਿੱਟੀ 'ਚ ਕੋਈ ਫੁੱਟ ਪਿਆ ਕੁੰਬਲ ਦੇ ਵਾਂਗ,
ਫ਼ਲਸਫਾ ਜੀਵਨ ਦਾ ਕੋਈ ਖ਼ੂਬ ਦਰਸਾਉਂਦਾ ਰਿਹਾ।
ਜੋ ਕਟਿਹਰੇ ਵਿਚ ਖੜਾ ਹੈ, ਆਦਮੀ ਉਹੀ ਤਾਂ ਹੈ,
ਕੱਲ ਗੁਨਾਹ ਮੇਰੇ ਜੋ ਗਿਣ ਗਿਣ ਕੇ ਸੀ ਗਿਣਵਾਉਂਦਾ ਰਿਹਾ।
ਜਖ਼ਮ ਵੀ ਅਪਣੇ ਨੇ ਮੇਰੇ ਦਿਲ ਵੀ ਮੇਰਾ ਆਪਣਾ,
ਫੇਰ ਕੀ ਹੋਇਆ ਜੇ ਕੋਈ ਸਬਰ ਅਜ਼ਮਾਉਂਦਾ ਰਿਹਾ।
ਹੁਸਨ ਦੇ ਜਲਵੇ ਕਦੇ ਸੁਰਗਾਂ ਦੇ ਸੁਪਨੇ ਬੇਸ਼ੁਮਾਰ
ਖਿੜਕਿਆ ਨਾ 'ਦੀਪ ' ਭਾਵੇਂ ਵਕਤ ਖਿੜਕਾਉਂਦਾ ਰਿਹਾ।

## 2

ਤਿਰੀ ਮੁਹੱਬਤ 'ਚ ਸਾਰੀ ਦੁਨੀਆਂ ਵਿਸਾਰ ਦੇਵਾਂ ? ਕਿਵੇਂ ਹੈ ਮੁਮਕਿਨ।
ਜੋ ਜ਼ੁੰਮੇਂਵਾਰੀ ਹੈ ਮੇਰੇ ਜ਼ੁੰਮੇਂ, ਨਕਾਰ ਦੇਵਾਂ ? ਕਿਵੇਂ ਹੈ ਮੁਮਕਿਨ।
ਤਿਰੇ ਖਿਆਲਾਂ ਚ ਹੁੰਦੀ ਜੇਕਰ ਤਿਰੀ ਅਮੀਰੀ ਤਾਂ ਸਿਰ ਝੁਕਾਉਂਦਾ,
ਤਿਰੀ ਤਜ਼ੌਰੀ ਤੋਂ ਸਿਦਕ ਅਪਣਾਂ ਮੈਂ ਵਾਰ ਦੇਵਾਂ, ਕਿਵੇਂ ਹੈ ਮੁਮਕਿਨ।
ਹਵਾ 'ਚ ਫੁੱਲੇ ਗ਼ੁਬਾਰੇ ਵਾਂਗੂੰ, ਹਵਾ 'ਚ ਉੜਨਾ ਕਦੇ ਨਾ ਸਿਖਿਆ,
ਪਰਾਈ ਸ਼ਹਿ ਤੇ ਮੈਂ ਖੰਭ ਅਪਣੇ ਖਲਾਰ ਦੇਵਾਂ, ਕਿਵੇਂ ਹੈ ਮੁਮਕਿਨ।
ਅਜ਼ਲ ਤੋਂ ਦੀਵੇ ਦੇ ਨਾਲ ਦੀਵਾ ਜਗਾਉਣ ਦੀ ਹੀ ਮਿਲੀ ਹੈ ਸਿਖਿਆ
ਮੈਂ ਬਲਦਾ ਦੀਵੇ ਬੁਝਾਕੇ ਚਾਨਣ ਨਕਾਰ ਦੇਵਾਂ, ਕਿਵੇਂ ਹੈ ਮੁਮਕਿਨ।
ਬਗ਼ੈਰ ਸਾਂਝਾਂ ਦੇ ਕੈਸਾ ਜੀਵਨ, ਬਗ਼ੈਰ ਸਾਝਾਂ ਦੇ ਕੈਸੀ ਦੁਨੀਆਂ,
ਨਕਾਰ ਸਾਝਾਂ ਦਿਲਾਂ ਚ ਕੰਧਾਂ ਉਸਾਰ ਦੇਵਾਂ, ਕਿਵੇਂ ਹੈ ਮੁਮਕਿਨ।
ਕਿਸੇ ਨੂੰ ਕੁੱਟਣਾ ਕਿਸੇ ਨੂੰ ਲੁੱਟਣਾ, ਨਹੀਂ ਹੈ ਫ਼ਿਤਰਤ ਮਿਰੀ 'ਚ ਸ਼ਾਮਿਲ,
ਮੈਂ ਤੇਰੇ ਵਾਗੂੰ ਕਿਸੇ ਨੂੰ ਐਸਾ ਵਿਚਾਰ ਦੇਵਾਂ, ਕਿਵੇਂ ਹੈ ਮੁਮਕਿਨ।
ਇਹ ਜੀਵ ਜੰਤੂ, ਇਹ ਪੇੜ ਪੌਦੇ, ਇਹ ਧੁੱਪਾਂ ਛਾਵਾਂ ਨੇ ਤੇਰੇ ਸਦਕਾ,
ਕਿਸੇ ਵੀ ਸੂਰਤ 'ਚ ਤੇਰੀ ਸੂਰਤ ਵਿਸਾਰ ਦੇਵਾਂ, ਕਿਵੇਂ ਹੈ ਮੁਮਕਿਨ।
ਮੈਂ ਅਮਨ ਚਾਹੁੰਨਾ, ਹੈ ਦਿਲ ਦੀ ਇੱਛਾ ਹਰੇਕ ਹੱਥ ਵਿਚ ਕਿਤਾਬ ਦੇਵਾਂ,
ਮੈਂ ਖ਼ਾਬ ਵਿਚ ਵੀ ਵਿਚਾਰ ਦੀ ਥਾਂ ਕਟਾਰ ਦੇਵਾਂ, ਕਿਵੇਂ ਹੈ ਮੁਮਕਿਨ।
ਜਵਾਨ ਜਜ਼ਬੇ ਹੀ ਆਦਮੀ ਨੂੰ ਜਵਾਨ ਰਖਦੇ ਨੇ ਮਰਦੇ ਦਮ ਤੱਕ,
ਕਿਹਾ ਸਿਆਣਿਆਂ ਦਾ ਮੈਂ 'ਦੀਪ' ਕਿੱਦਾਂ ਵਿਸਾਰ ਦੇਵਾਂ, ਕਿਵੇਂ ਹੈ ਮੁਮਕਿਨ।

## 3

ਮੋਹ ਨੂੰ ਤਰਸੇ ਹੋਏ ਪਲਕਾਂ ਤੇ ਬਿਠਾ ਲੈਂਦੇ ਨੇ।
ਲੋਕ ਪੱਥਰ ਨੂੰ ਵੀ ਭਗਵਾਨ ਬਣਾ ਲੈਂਦੇ ਨੇ।
ਤਨ ਤੋਂ ਮਨ ਤਕ ਦਾ ਸਫਰ ਕਰਦੈ ਕੋਈ ਵਿਰਲਾ ਹੀ,
ਬਹੁਤੇ ਦਲ-ਦਲ ਚ ਫਸੇ ਉਮਰ ਗੁਆ ਲੈਂਦੇ ਨੇ।
ਤੋੜ ਲੈਂਦੇ ਨੇ ਬਿਨਾਂ ਸੋਚੇ ਹੀ ਜੋ ਮਹਿਕੇ ਫੁੱਲ,
ਫ਼ੁੱਲ ਤਾਂ ਫ਼ੁੱਲ, ਉਹ ਖ਼ੁਸ਼ਬੂ ਵੀ ਗੁਆ ਲੈਂਦੇ ਨੇ।
ਸੱਚੋ ਸੱਚ ਕਹਿਣ ਦੀ ਕਰਦੇ ਨੇ ਹਦਾਇਤ ਜਿਹੜੇ,
ਉਹੀ ਸੱਚ ਕਹਿਣ ਤੇ ਕਿਉਂ ਬਾਹਾਂ ਚੜ੍ਹਾ ਲੈਂਦੇ ਨੇ।
ਖ਼ੁਸ਼ ਹੈ ਅੰਬਰ ਕਿ ਕੋਈ ਅੱਖ ਨਹੀਂ ਗਹਿਰੀ ਉਸ ਵੱਲ,
ਹੁਣ ਤਾਂ ਸਭ ਆਪੋ ਚ ਹੀ ਪੇਚੇ ਲੜਾ ਲੈਂਦੇ ਨੇ।
ਗੱਲੀਂ ਬਾਤੀਂ ਤਾਂ ਬੜੇ ਰਖਦੇ ਤਲੀ ਸੀਸ, ਮਗਰ
ਬਦਲੇ ਹਾਲਾਤ ਚ ਸਭ ਧੌਣ ਝੁਕਾ ਲੈਂਦੇ ਨੇ।
ਚੰਗੇ ਹੁੰਦੇ ਤਾਂ ਉਹ ਪੱਗ ਦਾ ਬਣਾਂ ਦਿੰਦੇ ਕੱਜਣ,
ਭੈੜੇ ਲੀਰਾਂ ਹੋਈ ਗ਼ੁਰਬਤ ਦਾ ਮਜ਼ਾ ਲੈਂਦੇ ਨੇ।
ਕੌਣ ਜਾਣੇਂ ਤਿਰੀ ਦੁਨੀਆਂ ਤੇ ਅਜੇਹੇ ਕਿੰਨੇ,
ਛੋਟੀ ਉਮਰੇ ਹੀ ਜੋ ਹਰ ਦਰਦ ਹੰਢਾ ਲੈਂਦੇ ਨੇ।
ਖ਼ੁਸ਼ ਹੈ ਅੰਬਰ ਕਿ ਕੋਈ ਅੱਖ ਨਹੀਂ ਗਹਿਰੀ ਉਸ ਵੱਲ,
ਹੁਣ ਤਾਂ ਸਭ ਆਪੋ ਚ ਹੀ ਪੇਚੇ ਲੜਾ ਲੈਂਦੇ ਨੇ।
ਹੋਇਆ ਮਤਲਬ ਤਾਂ ਚਲੇ ਆਉਣ ਗੇ ਨੰਗੇ ਪੈਰੀਂ,
ਫੇਰ ਕੀ ਹੋਇਆ ਜੇ ਹੁਣ ਨਜ਼ਰਾਂ ਚੁਰਾ ਲੈਂਦੇ ਨੇ।
ਕਿੰਨੇ ਮੁਸਤੈਦ ਨੇ ਅਜ ਕਲ ਉਹ ਸ਼ਿਕਾਰੀ ਬਣ ਕੇ,
ਕਿਧਰੇ ਘੁੱਗੀ ਵੀ ਉੜੇ, ਜਾਲ ਵਿਛਾ ਲੈਂਦੇ ਨੇ।
ਕਿਹੜਾ ਪੁਛਦਾ ਫਿਰੇ ਜੰਨਤ ਦੀ ਹਕੀਕਤ ਐ 'ਦੀਪ',
ਯਾਰ ਯਾਰਾਂ 'ਚ ਰਲੇ ਮੌਜ ਮਨਾ ਲੈਂਦੇ ਨੇ।

## 4

ਉਹ ਸੁੰਨੀਂ ਕਬਰ ਤੇ ਕਿਉਂ ਦੀਵਿਆਂ ਦੀ ਪਾਲ ਧਰ ਜਾਂਦੈ।
ਕਿ ਵਸਦੇ ਘਰ ਚ ਦੀਵਾ ਇੱਕ ਵੀ ਹੋਵੇ ਤਾਂ ਸਰ ਜਾਂਦੈ।
ਬਿਨਾਂ ਸੋਚੇ ਬਿਨਾਂ ਸਮਝੇ ਕਦਮ ਪੁੱਟੀਏ ਨ ਕੋਈ ਵੀ,
ਗ਼ਲਤ ਕਦਮਾਂ ਦਾ ਸਚਮੁਚ ਪੀੜ੍ਹੀਆਂ ਤੀਕਣ ਅਸਰ ਜਾਂਦੈ।
ਹਨੇਰੀ ਵਾਂਗ ਝੁੱਲਣ ਵਾਲਿਆਂ ਨੂੰ ਕੀ ਪਤਾ ਹੋਵੇ,
ਕੀ ਉਸ ਤੇ ਬੀਤਦੀ ਹੈ ,ਆਲ੍ਹਣਾ ਜਿਸ ਦਾ ਬਿਖ਼ਰ ਜਾਂਦੈ।
ਹਕੀਕਤ ਵਿਚ ਕਦ ਬਣਦਾ ਹੈ ਪੂਰੀ ਉਮਰ ਲਾ ਕੇ ਵੀ,
ਖ਼ਿਆਲਾਂ ਵਿੱਚ ਜਿਹੜਾ ਮਹਿਲ ਮਿੰਟਾਂ ਵਿਚ ਉਸਰ ਜਾਂਦੈ।
ਸੁਭਾ ਸ਼ੱਕੀ ਹੈ ਬੰਦੇ ਦਾ ਕਿ ਮਨ ਵਿਚ ਸੋਚਦੈ ਏਦਾਂ,
ਹਨੇਰੀ ਰਾਤ ਵਿਚ ਜੁਗਨੂੰ ਭਲਾ ਕਿਸ ਦੇ ਮਗਰ ਜਾਂਦੈ।
ਦੁਬਾਰਾ ਦਿਲ ਚ ਪਹਿਲਾਂ ਵਾਂਗ ਕੋਈ ਥਾਂ ਨਹੀਂ ਦੇਂਦਾ,
ਕਿ ਜੋ ਨਜ਼ਰਾਂ ਚੋਂ ਗਿਰ ਜਾਂਦੈ, ਉਹ ਦਿਲ ਤੋਂ ਵੀ ਉਤਰ ਜਾਂਦੈ।
ਕਣੀਂ ਮਾਤਰ ਵੀ ਮਿਲ ਜਾਵੇ ਮੁਹਬੱਤ ਜੇ ਕਿਸੇ ਕੋਲੋਂ,
ਖਿੜੇ ਫੁੱਲ ਵਾਂਗ ਮੇਰੇ ਦਿਲ ਦਾ ਇੱਕ ਇੱਕ ਲੂੰ ਨਿਖਰ ਜਾਂਦੈ।
ਉਲਾਂਭਾ ਗ਼ੈਰ ਤੇ ਕੈਸਾ ਕਿ ਆਇਆ ਨਾ ਮਗਰ ਸਾਡੇ,
ਮਨਾਂ ਬੁਲਦੀ 'ਚ ਕੋਈ ਆਪਣਾ ਵੀ ਕਦ ਮਗਰ ਜਾਂਦੈ।
ਪਰਿੰਦੇ ਸ਼ਾਮ ਨੂੰ ਮੁੜਦੇ ਨੇ ਜਦ ਵੀ ਆਲ੍ਹਣੇ ਵੱਲ ਨੂੰ,
ਨ ਜਾਣੇ ਕਿਉਂ ਕੋਈ, ਲੰਮਾਂ ਜਿਹਾ ਇੱਕ ਹਉਕਾ ਭਰ ਜਾਂਦੈ।
ਚੁਰਾਸੀ ਯਾਦ ਆਉਂਦੈ ਜਦ ਤਾਂ ਕਿਉਂ ਲਗਦਾ ਹੈਂ ਸਚਮੁਚ ਇਉਂ,
ਜਿਵੇਂ ਇਕ ਵਿਹੁ ਦਾ ਸਣਿਆਂ ਤੀਰ ਸੀਨੇ ਚੋਂ ਗ਼ੁਜ਼ਰ ਜਾਂਦੈ।
ਦਲੀਲਾਂ ਵਿਚ ਪਏ ਨੇ ਯਾਰ ਇਸ ਨੂੰ ਡੋਬੀਏ ਕਿੱਦਾਂ,
ਬੁੜਾ ਸ਼ਾਤਿਰ ਹੈ ਸ਼ਾਇਰ 'ਦੀਪ' ਡੁੱਬ ਕੇ ਫੇਰ ਤਰ ਜਾਂਦੈ।

## 5

ਨਕਲੀ ਸੱਪ, ਸਪੇਰੇ ਨਕਲੀ, ਨਕਲੀ ਵੱਜੇ ਬੀਨ।
ਕਿੱਦਾਂ ਆਖਣ, ਨਹੀਂ ਜਿਨ੍ਹਾਂ ਦੇ ਪੈਰਾਂ ਹੇਠ ਜ਼ਮੀਨ।
ਹਰ ਕਿਰਤੀ ਦੀ ਚੁੱਪ ਦੇ ਉਹਲੇ ਤੜਪ ਰਹੇ ਨੇ ਬੋਲ,
ਵਿਹਲੜ ਕਿੱਦਾਂ ਹੋਇਆ 'ਸਾਹਿਬ', ਕਾਮਾਂ ਕਿਵੇਂ ਕਮੀਨ।
ਕਿਸ ਵਿਗਿਆਨੀ ਕੋਲੋਂ ਪੁੱਛੀਏ, ਕਰੀਏ ਕੀ ਛਿੜਕਾ
ਬੰਦਿਆਂ ਵਿਚ ਵੀ ਉੱਗ ਆਇਆ ਹੈ ਫ਼ਸਲਾਂ ਵਾਂਗ ਨਦੀਨ।
ਹਰ ਕੁਰਸੀ ਤੇ ਕਾਬਿਜ਼ ਦਿੱਸੇ ਲੂੰਬੜ ਵਾਲੀ ਸੋਚ,
ਕਿਉਂ ਨਾ ਪੁੱਛੀਏ ਇਕ ਦੂਜੇ ਨੂੰ ਕਿੱਥੇ ਗਏ 'ਜ਼ਹੀਨ'।
ਕੌਣ ਕਿਸੇ ਦੀ ਆਕੜ ਸਹਿੰਦੈ, ਕੌਣ ਕਿਸੇ ਦਾ ਸਹਿੰਦੈ ਰੋਬ੍ਹ,
ਬੇਬਸ ਹੋ ਕੇ ਹੀ ਹੁੰਦਾ ਹੈ ਕੋ ?ੀ ਕਿਸੇ ਅਧੀਨ।
ਜਦ ਵੀ ਅੰਦਰ ਝਾਕ ਕੇ ਤੱਕਿਆ ਛਾਲੇ ਮਿਲੇ ਜਾਂ ਫੱਟ,
ਲੋਕਾਚਾਰੀ ਕਹਿਣਾ ਪੈਂਦੈ ਦੁਨੀਆਂ ਬੜੀ ਹੁਸੀਨ।
ਕਿਹੜਾ ਬੰਦਾ ਹੈ ਜਿਸ ਅੰਦਰ ਵਸਦਾ ਨਾ ਲੱਠ ਮਾਰ,
ਕਿਹੜਾ ਬੰਦਾ ਹੈ ਜੋ ਸਚਮੁਚ ਦਿਸਦਾ ਨਾ ਮਸਕੀਨ।
ਕੀਹਦੇ ਮਨ ਵਿਚ ਕਿੰਨੀ ਕਾਲਖ ਐ ਦਿਲ ਵੇਖੇ ਕੌਣ,
ਬਾਹਰੋਂ ਤਾਂ ਸਭ ਇਕ ਦੂਜੇ ਤੋਂ ਵਧ ਕੇ ਹਨ ਰੰਗੀਨ।
ਦੌਲਤ ਸ਼ੁਹਰਤ ਕਿਉਂ ਨਾ ਹੋਵੇ ਹਰ ਇਕ ਸਿਰ ਦਾ ਤਾਜ,
ਜੇ ਬੰਦਾ ਔਕਾਤ ਨ ਭੁੱਲੇ, ਮੱਤ ਨ ਹੋਏ ਮਲੀਨ।
ਨਿਸਾਨਾਂ ਵਿਚ ਪੈਣ ਨ ਵੰਡੀਆਂ ਸ਼ਾਲਾ ਰਲ ਮਿਲ ਜੀਣ,
ਜਦ ਵੀ ਕੋਈ ਆਖੇ ਏਦਾਂ, 'ਦੀਪ' ਕਹੇ ਆਮੀਨ।

## 6

ਜਦ ਵੀ ਪੁੱਛੇ ਮੈਂ ਅਪਣੇ ਹਮਦਰਦਾਂ ਦੇ ਸਿਰਨਾਵੇਂ।
ਮੈਨੂੰ ਮੇਰੇ ਦਿਲ ਨੇ ਦੱਸੇ, ਕੰਡਿਆਂ ਦੇ ਸਿਰਨਾਵੇਂ।
ਕਲ ਜੋ ਬੰਦਾ ਡਾਢਾ ਖ਼ੁਸ਼ ਸੀ, ਰੋਲ ਮਧੋਲ ਕੇ ਕਲੀਆਂ,
ਅਜ ਕਿਉਂ ਰੋ ਰੋ ਪੁਛਦਾ ਫਿਰਦੈ, ਮਹਿਕਾਂ ਦੇ ਸਿਰਨਾਵੇਂ।
ਗਈਆਂ ਖ਼ੁਸ਼ੀਆਂ ਜਦ ਵੀ ਮੁੜੀਆਂ, ਮੁੜ ਆਵਣਗੇ ਆਪੇ,
ਕਿਤੇ ਨਾ ਜਾਣੇ ਤਿੱਤਰ ਹੋਏ ਮਿਤਰਾਂ ਦੇ ਸਿਰਨਾਵੇਂ।
ਸਿਖ਼ਰ ਦੁਪਹਿਰੇ ਸੜਦੀ ਬਲਦੀ ਲੂ ਵਗਦੀ ਨਾ ਜੇ ਕਰ,
ਕਿਸ ਪੁਛਣੇ ਸਨ ਛਾਂਵਾਂ ਕਰਦੇ ਰੁੱਖਾਂ ਦੇ ਸਿਰਨਾਵੇਂ।
ਕਿੰਝ ਸਮਝਾਵਾਂ ਅਪਣੇ ਮਨ ਨੂੰ ਕਿ ਇਸ ਨਗਰੀ ਅੰਦਰ,
ਕਿਉਂ ਨਈਂ ਲਭਦੇ ਪਿੰਡਾਂ ਜਿਹੀਆਂ ਸੱਥਾਂ ਦੇ ਸਿਰਨਾਵੇਂ।
ਜਿਊਂਦੇ ਜੀ ਨਾ ਲੱਭੀ ਜੰਨਤ, ਮਰ ਕੇ ਕਿੱਥੋਂ ਲਭਣੀ,
ਮੇਰੇ ਮਿੱਤਰਾ, ਨਾ ਦੱਸ ਮੈਨੂੰ ਹੂਰਾਂ ਦੇ ਸਿਰਨਾਵੇਂ।
ਜਦ ਵੀ ਗੱਜਣ ਕਾਲੇ ਬੱਦਲ, ਤਾਂ ਇਉਂ ਲੱਗੇ ਜੀਕਣ,
ਮੈਥੋਂ ਪੁੱਛ ਰਹੇ ਨੇ ਕੱਚੀਆਂ ਛੱਤਾਂ ਦੇ ਸਿਰਨਾਵੇਂ।
ਜਿਸ ਦੇ ਸਿਰ ਤੇ ਚਿੱਟੀ ਚੁੰਨੀ, ਉਸ ਨੂੰ ਕੌਣ ਸੰਭਾਲੇ,
ਕਿਹੜਾ ਸਾਂਭ ਕੇ ਰਖਦੈ ਟੁੱਟੀਆਂ ਵੰਗਾਂ ਦੇ ਸਿਰਨਾਵੇਂ।
ਉਸ ਦੇ ਅਪਣੇ ਚਿਹਰੇ ਤੋਂ ਰੰਗ, ਕਿਉਂ ਨਾ ਲੱਭੇ ਕੋਈ,
ਹੋਰਾਂ ਨੂੰ ਜੋ ਦਸਦਾ ਫਿਰਦੈ ਰੰਗਾਂ ਦੇ ਸਿਰਨਾਵੇਂ।
ਹੋ ਸਕਦਾ ਹੈ ਕੱਲ੍ਹ ਨੂੰ ਉਹ ਇਕ ਝੁੱਗੀ ਨੂੰ ਵੀ ਤਰਸਣ,
ਅੱਜ ਜਿਨ੍ਹਾਂ ਦੇ ਨਾਂ ਅੱਗੇ ਹਨ ਮਹਿਲਾਂ ਦੇ ਸਿਰਨਾਵੇਂ।
"ਦੀਪ" ਇਕੱਲਾ ਹੁੰਦੈ ਜਦ ਵੀ, ਇੱਕਲ-ਵਾਂਝੇ ਬਹਿ ਕੇ,
ਭੁੱਲੀਆਂ ਯਾਦਾਂ ਨੂੰ ਦਸਦਾ ਹੈ ਗ਼ਜ਼ਲਾਂ ਦੇ ਸਿਰਨਾਵੇਂ।

## 7

ਤਿਰੀ ਹੀ ਸੋਚ ਦਾ ਹਰ ਦਮ ਬਖਾਨ ਕਿਉਂ ਹੋਵੇ।
ਮਿਰੀ ਜ਼ੁਬਾਨ ਭਲਾ ਬੇ-ਜ਼ੁਬਾਨ ਕਿਉਂ ਹੋਵੇ।
ਹਿੰਦੋਸਤਾਨ ਹੈ ਗ਼ੁਲਸ਼ਨ ਹਰੇਕ ਦਾ ਸਾਂਝਾ,
ਇਹ ਫਿਰਕੂ ਸੋਚ ਦਾ 'ਹਿੰਦੂ-ਸਥਾਨ' ਕਿਉਂ ਹੋਵੇ।
ਖ਼ੁਦਾ ਦਾ ਖ਼ੌਫ, ਮੁਸਲਮਾਨ ਦੀ ਇਬਾਦਤ ਹੈ,
ਤਿਹਾਇਆ ਖ਼ੂਨ ਦਾ ਫਿਰ ਤਾਲਿਬਾਨ ਕਿਉਂ ਹੋਵੇ।
ਹਰਿਕ ਵਪਾਰ ਤੋਂ ਉੱਚੀ ਹੈ ਆਸਥਾ ਐ ਦਿਲ,
ਕਿਸੇ ਵੀ ਧਰਮ ਦੇ ਉਹਲੇ 'ਦੁਕਾਨ' ਕਿਉਂ ਹੋਵੇ।
ਹਜ਼ਾਰ ਮਸਤੀਆਂ ਖ਼ਰਮਸਤੀਆਂ ਕਰੇ ਕੋਈ,
ਕਿਸੇ ਗ਼ਰੀਬ ਦੀ ਮੁੱਠੀ 'ਚ ਜਾਨ ਕਿਉਂ ਹੋਵੇ।
ਇਮਾਨਦਾਰੀ ਦਾ ਹੋਕਾ ਜੋ ਦੇਵੇ ਰਾਤ ਦਿਨੇਂ,
ਉਹ ਮੌਕਾ ਆਉਣ ਤੇ ਖ਼ੁਦ ਬੇਈਮਾਨ ਕਿਉਂ ਹੋਵੇ।
ਜੇ ਵਿਗੜੇ ਮਰਦ ਨੂੰ ਮਰਦਾਨਗੀ ਦੀ ਸ਼ਰਮ ਨਹੀਂ,
ਸ਼ਿਕਾਰ ਹੋ ਗਈ ਔਰਤ ਨੂੰ ਬਾਨ ਕਿਉਂ ਹੇਵੇ।
ਜੋ ਅਪਣੇ ਖ਼ੂਨ ਪਸੀਨੇ ਚੋਂ ਸਿਰਜਦੈ ਸੋਨਾ,
ਸ਼ਿਕਾਰ ਖੁਦਕਸ਼ੀ ਦਾ ਉਹ ਕਿਸਾਨ ਕਿਉਂ ਹੋਵੇ।
ਜੋ ਦਰਦ ਸਮਝੇ ਨ ਕੰਡਿਆਂ 'ਚ ਮਹਿਕੇ ਫ਼ੁੱਲਾਂ ਦਾ,
ਅਜਿਹਾ 'ਦੀਪ' ਕੋਈ ਬਾਗਬਾਨ ਕਿਉਂ ਹੋਵੇ।

## 8

ਜਿਨ੍ਹਾਂ ਦੀ ਸੋਚਣੀ ਮਚਦੀ ਹੋਈ ਮਸ਼ਾਲ ਨਹੀਂ।
ਗ਼ਿਲਾ ਉਹ ਕਰਨ ਕਿਉਂ, ਚਾਨਣ ਉਨ੍ਹਾਂ ਦੇ ਨਾਲ ਨਹੀਂ।
ਜੋ ਬੇ-ਮਿਸਾਲ ਸੀ, ਉਹ ਬਾ-ਮਿਸਾਲ ਹੈ ਅਜ-ਕਲ,
ਸਮੇਂ ਦੇ ਸਾਮ੍ਹਣੇ ਕੋਈ ਵੀ ਬੇ-ਮਿਸਾਲ ਨਹੀਂ।
ਕਰੋ ਗ਼ਰੂਰ ਤੁਸੀਂ ਆਪਣੇ ਸੁਹੱਪਣ ਦਾ,
ਮਗਰ ਇਹ ਯਾਦ ਰਹੇ, ਸੋਹਣਿਆਂ ਦਾ ਕਾਲ ਨਹੀਂ।
ਉਹ ਮੇਰੇ ਕੋਲ ਨੇ, ਬੈਠੇ ਨੇ, ਬਾਤ ਕਰਦੇ ਨੇ,
ਨਹੀਂ ਮਸੂਸ ਕਿ ਉਹ ਮੇਰੇ ਹਮ-ਖ਼ਿਆਲ ਨਹੀਂ।
ਦਿਆਂ ਮੈਂ ਸਾਥ ਤੇਰਾ, ਜਾਂ ਕਿ ਉਸ ਦੇ ਨਾਲ ਰਹਾਂ,
ਇਹ ਮੇਰੀ ਮਰਜ਼ੀ ਹੈ, ਮੈਂ ਕੋਈ ਯਰਗ-ਮਾਲ ਨਹੀਂ।
ਜਦੋਂ ਵੀ ਝਾਕਦਾਂ ਬੁੱਕਲ 'ਚ, ਦੇਖਦਾਂ ਉਸ ਨੂੰ,
ਕਿਵੇਂ ਮੈਂ ਕਹਿ ਦਿਆਂ, ਉਹ ਮੇਰੇ ਨਾਲ ਨਾਲ ਨਹੀਂ।
ਜਿਨ੍ਹਾਂ ਨੂੰ ਇਸ਼ਕ ਦੀ ਸੋਝੀ ਨਹੀਂ ਉਹ ਕੀ ਜਾਨਣ,
ਕਿ ਮਸਲਾ ਸ਼ੋਕ ਦਾ ਹੈ, ਉਮਰ ਦਾ ਸਵਾਲ ਨਹੀਂ।
ਤੁਹਾਡੀ ਪੁੱਛ ਹੈ, ਜੋਬਨ ਤੇ ਹੁਸਨ ਦਾ ਸਦਕਾ,
ਜਦੋਂ ਇਹ ਨਾ ਰਹੇ, ਝੱਲਣੀ ਕਿਸੇ ਨੇ ਝਾਲ ਨਹੀਂ।
ਉਨ੍ਹਾਂ ਨੂੰ ਮੇਰਿਆਂ ਜ਼ਖ਼ਮਾਂ ਦੀ ਪੀੜ ਹੋਵੇ ਕਿਵੇਂ,
ਉਹ ਸਿਰਫ਼ ਅਪਣੇ ਨੇ, ਦੁਖ-ਸੁਖ ਦੇ ਭਾਈਵਾਲ ਨਹੀਂ।
ਜਦੋਂ ਵੀ "ਦੀਪ" ਦੀ ਝੁੱਗੀ ਨੂੰ ਅੱਗ ਲਾਵਣਗੇ,
ਖਿੰਡੇਗੀ ਰੌਸ਼ਨੀ, ਉਹਨਾਂ ਨੂੰ ਇਹ ਖ਼ਿਆਲ ਨਹੀਂ।

## 9

ਬੁੱਲਾ ਹਵਾ ਦਾ ਲੰਘਿਆ ਖ਼ੁਸ਼ਬੂ ਖਲਾਰਦਾ।
ਐਵੇਂ ਹੀ ਕੋਈ ਰਹਿ ਗਿਆ ਕੰਧਾ ਉਸਾਰਦਾ।
ਜੁਗਨੂੰ ਸੀ ਕਿਸਨੇ ਦੇਖਣਾਂ ਚਾਨਣ ਦੇ ਰੂਪ ਵਿਚ,
ਰਾਤੀਂ ਜੇ ਜਿਗਰੇ ਨਾਲ ਉਡਾਰੀ ਨ ਮਾਰਦਾ।
ਤਪਦੇ ਥਲਾਂ ਚ ਓਸ ਨੂੰ ਲੱਭੇ ਗੀ ਛਾਂ ਕਿਵੇਂ,
ਰੁੱਖਾਂ ਨੂੰ ਵਾਢਾ ਲਾਉਣ ਤੋਂ ਪਹਿਲਾਂ ਵਿਚਾਰਦਾ।
ਉਹਦੇ ਤੋਂ ਕੋਈ ਪਿਆਰ ਦੀ ਰੱਖੇ ਤਾਂ ਕੀ ਉਮੀਦ,
ਰਹਿੰਦਾ ਹੈ ਜਿਹੜਾਂ ਦੁੱਧ ਤੋਂ ਪਾਣੀ ਨਿਤਾਰਦਾ।
ਸਜਣਾਂ ਬਗ਼ੈਰ ਜ਼ਿੰਦਗੀ ਲਗਦੀ ਹੈ ਕਿਰਕਿਰੀ,
ਸਜਣਾਂ ਬਗ਼ੈਰ ਭਾਉਂਦਾ ਨਾ ਮੌਸਮ ਬਹਾਰ ਦਾ।
ਗੱਲੀਂ ਤਾਂ ਸਭ ਕਹਾਉਂਦੇ ਨੇ ਜਿੰਦਾ ਸ਼ਹੀਦ ਪਰ,
ਵਿਰਲਾ ਸੁਆਦ ਮਾਣਦੈ ਖੰਡੇ ਦੀ ਧਾਰ ਦਾ।
ਕਿੱਦਾਂ ਨ ਮੋਮ ਵਾਂਗਰਾਂ ਢਲਦੇ ਅਸੀ ਵੀ 'ਦੀਪ',
ਉਹ ਵੀ ਜੇ ਲਾਟ ਵਾਂਗੇਰਾਂ ਚਾਨਣ ਪਸਾਰਦਾ।

## 10

ਜਿਹੜੇ ਚਿੱਤੋਂ ਮੋਹ ਰਖਦੇ ਨੇ ਕੁਰਸੀ ਲਈ ਸਿਆਸਤ ਨਾਲ।
ਉਹਨਾਂ ਦਾ ਕੀ ਲੈਣਾਂ ਦੇਣਾਂ ਤੇਰੀ ਮੇਰੀ ਹਾਲਤ ਨਾਲ।
ਹੱਕ ਮੁਨਾਸਿਬ ਹੱਕ ਤੇ ਪਹਿਰਾ ਕਿਸ ਬੰਦੇ ਦਾ ਹੱਕ ਨਹੀਂ,
ਹੱਕਦਾਰੀ ਦੀ ਤੁਲਨਾਂ ਕੋਈ ਕਾਹਤੋਂ ਕਰੇ ਬਗ਼ਾਵਤ ਨਾਲ।
ਚਿਹਰੇ ਦੀ ਖਾਮੋਸ਼ੀ ਉਹਲੇ ਸੁਲਗ਼ ਰਹੀ ਏ ਰੋਹ ਦੀ ਅੱਗ,
ਕੋਈ ਵੀ ਦਿਲ ਜਿੱਤ ਨਈਂ ਸਕਦੇ ਹਿੱਕ ਦੇ ਜ਼ੋਰ ਤੇ ਤਾਕਤ ਨਾਲ।
ਨੀਹਾਂ ਬਾਰੇ ਚਰਚਾ ਕਰਨੀ ਅਕਸਰ ਭੁੱਲ ਜਾਂਦੇ ਨੇ ਲੋਕ,
ਕਿਉਂਕਿ ਸਭ ਦਾ ਮਨ ਹੁੰਦਾ ਏ ਸੋਹਣੀ ਬਣੀ ਇਮਾਰਤ ਨਾਲ।
ਤੇਰਾਂ ਤੇਰਾਂ ਕਹਿੰਦੇ ਕਹਿੰਦੇ ਤੇਰਾ ਤੇਰਾ ਕਹਿੰਦੇ ਕਿਓਂ ?
ਜੇ ਉਹਨਾਂ ਦਾ ਕੋਈ ਰਿਸ਼ਤਾ ਹੁੰਦਾ ਕਿਸੇ ਤਿਜਾਰਤ ਨਾਲ।
ਗ਼ਾਫ਼ਿਲ ਸਮਝੋ ਜਾਹਲ ਸਮਝੋ ਜਾਂ ਫਿਰ ਕੁਝ ਵੀ ਸਮਝੋ ਯਾਰ,
ਸਾਡਾ ਦਿਲ ਤਾਂ ਪਹਿਲ ਘੜੀ ਤੋਂ ਸੱਚੇ ਇਸ਼ਕ ਇਬਾਦਤ ਨਾਲ।
ਵੇਲਾ ਆਉਣ ਤੇ ਦੁਸ਼ਮਨ ਨੂੰ ਵੀ ਲੈ ਲੈਂਦਾ ਏ ਬੁੱਕਲ ਵਿਚ,
ਪਿਆਰ ਦਾ ਜਜ਼ਬਾ ਸਾਂਭ ਕੇ ਰਖਿਉ ਦਿਲ ਦੇ ਵਿਚ ਹਿਫ਼ਾਜਤ ਨਾਲ।
ਮਨ ਸਮਝਾਉਣ ਨੂੰ ਮੰਨ ਲੈਨੇ ਆਂ ਇੱਕ ਬਰਾਬਰ ਹੋਵਾਂਗੇ,
ਭੋਰਾ ਫ਼ਰਕ ਨਈਂ ਰਹਿਣਾ ਜਦ ਵੀ ਹੋਇਆ ਮੇਲ ਕਿਆਮਤ ਨਾਲ।
ਜਾਂਦੇ ਜਾਂਦੇ ਖਬਰੇ ਕਿੰਨੇ ਝਟਕੇ ਦੇ ਜਾਂਦੇ ਨੇ 'ਦੀਪ',
ਚੁੱਪ ਚੁਪੀਤੇ ਆਉਂਦੇ ਨੇ ਜੋ ਸਚਮੁਚ ਬੜੀ ਸ਼ਰਾਫ਼ਤ ਨਾਲ।

## 11

ਸੀਸ਼ੇ ਦਾ ਘਰ ਤੇਰਾ ਵੀ ਹੈ, ਮੇਰਾ ਵੀ ਹੈ।
ਚੁਕਿਆ ਪੱਥਰ, ਤੇਰਾ ਵੀ ਹੈ, ਮੇਰਾ ਵੀ ਹੈ।
ਕਿਉਂ ਕਬਜ਼ਾ ਹੈ ਬਾਜਾਂ ਦਾ ਹੀ ਅੰਬਰ ਉੱਤੇ,
ਜਦ ਕਿ ਅੰਬਰ ਤੇਰਾ ਵੀ ਹੈ, ਮੇਰਾ ਵੀ ਹੈ।
ਕਿਉਂ ਪਰਤੇ ਨੇ ਮੂੰਹ ਲਟਕਾਈ, ਜੋ ਕਹਿੰਦੇ ਸਨ,
ਵੈਦ ਧਨੰਤਰ, ਤੇਰਾ ਵੀ ਹੈ, ਮੇਰਾ ਵੀ ਹੈ।
ਜੇ ਨਾ ਲੂੰਹਦਾ, ਕਿੰਝ ਹੁੰਦਾ ਇਹ ਭਰਮ ਉਡੰਤਰ,
ਯਾਰ ਬਸੰਤਰ, ਤੇਰਾ ਵੀ ਹੈ, ਮੇਰਾ ਵੀ ਹੈ।
ਸ਼ਾਤਿਰ ਹੈ ਉਹ, ਲਾਲ ਕਿਲੇ ਤੋਂ ਕਹਿੰਦਾ ਹੈ ਜੋ,
ਪਰਜਾਤੰਤਰ, ਤੇਰਾ ਵੀ ਹੈ, ਮੇਰਾ ਵੀ ਹੈ।
ਜੇ ਰੱਬ ਇਕ ਹੈ, ਮੰਦਿਰ ਮਸਜਿਦ ਵਖ ਵਖ ਕਿਉਂ ਨੇ,
ਤਰਕ ਨਿਰੁੱਤਰ, ਤੇਰਾ ਵੀ ਹੈ, ਮੇਰਾ ਵੀ ਹੈ।
ਖ਼ਾਕ ਮਿਲੇ ਜਾਂ ਰਾਖ਼ ਬਣੇ ਗੱਲ ਇੱਕੋ ਜੈਸੀ,
ਹਸ਼ਰ ਇਹ ਆਖ਼ਰ, ਤੇਰਾ ਵੀ ਹੈ, ਮੇਰਾ ਵੀ ਹੈ।
'ਦੀਪ' ਜੋ ਮਿਥਿਐ ਇਕ ਦੂਜੇ ਦਾ ਮਾਣ ਵਧਾਉਣਾ,
ਤਾਹੀਂ ਆਦਰ, ਤੇਰਾ ਵੀ ਹੈ, ਮੇਰਾ ਵੀ ਹੈ।

# ਤੂੰ ਸਾਂਝਾਂ ਦਾ ਚੋਅ ਓ ਬਾਬਾ !



ਸਫ਼ੀਆ ਹਯਾਤ

ਤੂੰ ਸਾਂਝਾਂ ਦਾ ਚੋਅ ਓ ਬਾਬਾ !
ਤੂੰ ਸਾਂਝਾਂ ਦਾ ਚੋਅ
ਮੁਸਲਿਮ ਲਈ ਤੂੰ ਪੀਰ ਪੈਗੰਬਰ
ਹਿੰਦੂਆਂ ਦਾ ਗੁਰੂ ਹੋ
ਓ ਬਾਬਾ ! ਤੂੰ ਸਾਂਝਾਂ ਦਾ ਚੋਅ

ਤੂੰ ਤੁਰਦਾ ਤੇਰੇ ਨਾਲ ਤੁਰੀਂਦੇ
ਵਰਨ ਧਰਮ ਤੇ ਤਬਕੇ ਸਾਰੇ
ਭੱਟ ਭਗਤ ਤੇ ਸੂਫੀ ਅੰਗ ਸੰਗ
ਰੰਗ ਬਿਰੰਗੇ ਫੁੱਲ ਪਿਆਰੇ
ਹਿੰਦ ਸਿੰਧ ਦੀ ਇੱਕ ਮਾਲਾ ਵਿੱਚ ਸਭ
ਦਿੱਤੇ ਤੁਸਾਂ ਪਰੋ
ਓ ਬਾਬਾ ! ਤੂੰ ਸਾਂਝਾਂ ਦਾ ਚੋਅ

ਤੂੰ ਤੁਰਦਾ ਤੇਰੇ ਨਾਲ ਤੁਰੀਂਦੇ
ਸੂਰਜ ਚੰਨ ਸਿਤਾਰੇ
ਗਗਨ ਬਣਾਤਾ ਥਾਲ ਤੂੰ ,ਜਿਸ ਵਿੱਚ
ਜਗਣ ਵਾਂਗ ਇਹ ਦੀਪਕ ਸਾਰੇ
ਪੌਣ ਚੌਰ , ਫੁੱਲ ਕਰਨ ਸੁਗੰਧਾਂ
ਆਰਤੀ ਕੁਲ ਕਾਇਨਾਤ ਉਤਾਰੇ
ਅਸਲ ਆਰਤੀ ਜੋ
ਓ ਬਾਬਾ ! ਆਦਿ ਜੁਗਾਦੋਂ ਹੋ
ਓ ਬਾਬਾ ! ਤੂੰ ਸਾਂਝਾਂ ਦਾ ਚੋਅ

ਤੂੰ ਪੁੰਨਿਆ ਦਾ ਚੰਨ ਓ ਬਾਬਾ
ਸਾਂਝੀ ਤੇਰੇ ਲੋਅ
ਲੋਅ ਲਈ ਸਭ ਇੱਕ ਬਰਾਬਰ
ਕਾਅਬਾ ਕਾਸ਼ੀ ਮੱਕਾ ਜੋ
ਨਾ ਕੋਈ ਕਾਫਰ ਨਾ ਕੋਈ ਵਾਫ਼ਰ
ਭੇਖ ਕੁਫ਼ਰ ਹੀ ਕਾਫਰ ਹੋ
ਓ ਬਾਬਾ ! ਤੂੰ ਸਾਂਝਾਂ ਦਾ ਚੋਅ

ਤੂੰ ਬੰਦੇ ਦੀ ਜੂਨੇ ਆਇਆ
ਜਾਇਆ ਸਗਲ ਸ੍ਰਿਸ਼ਟੀ ਦਾ
ਪਾਣੀ ਪਿਤਾ ਧਰਤ ਤੇਰੀ ਮਾਤਾ
ਅੰਤ ਨਾ ਦੂਰ -ਦ੍ਰਿਸ਼ਟੀ ਦਾ
ਪਾਵਨ ਪਵਨ ਗੁਰੂ ਸੀ ਤੇਰੀ
ਰਹੀ ਪਲੀਤ ਜੋ ਹੋ
ਓ ਬਾਬਾ ! ਤੂੰ ਸਾਂਝਾਂ ਦਾ ਚੋਅ


ਨੀਂਵੇਂ ਦਾ ਹਮਦਰਦ ਤੂੰ ਬਾਬਾ
ਨਾਰੀ ਦਾ ਸਤਿਕਾਰ
ਕਿਰਤੀਆਂ ਨਾਲ ਯਰਾਨੇ ਤੇਰੇ
ਜਾਣੇ ਕੁਲ ਸੰਸਾਰ
ਗੁਰੂ ਜੀ ਗਲੀ ਗਲੀ ਕਨਸੋਅ
ਓ ਬਾਬਾ ! ਤੂੰ ਸਾਂਝਾਂ ਦਾ ਚੋਅ




# ਬੁੱਧੀ ਭ੍ਰਿਸ਼ਟ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
95011-00062



ਘਰ ਦਾ ਗੁਜ਼ਾਰਾ ਚਲਾਉਣ ਲਈ ਨਵਦੀਪ ਨੇ ਕੁਝ ਸਾਲਾਂ ਤੋਂ ਇੱਕ ਕੁੰਵਾਰਾ ਤੇ ਦੋ ਨੰਬਰ ਵਿੱਚ ਕੈਨੇਡਾ ਆਇਆ ਜੱਸੀ ਨਾਮ ਦਾ ਪੰਜਾਬੀ ਬੁਆਏ ਫਰੈਂਡ ਇਹ ਲਾਰਾ ਲਾ ਕੇ ਫਸਾਇਆ ਹੋਇਆ ਸੀ ਕਿ ਮੈਂ ਆਪਣੇ ਪਤੀ ਨੂੰ ਤਲਾਕ ਦੇ ਕੇ, ਤੇਰੇ ਨਾਲ ਵਿਆਹ ਕਰਵਾ ਕੇ ਤੈਨੂੰ ਪੱਕਾ ਕਰਵਾ ਦੇਵਾਂਗੀ। ਜੱਸੀ ਹੁਣ ਨਵਦੀਪ ਦੇ ਲਾਰਿਆਂ ਤੋਂ ਅੱਕਿਆ ਪਿਆ ਸੀ। ਦੋ ਕਿੱਲੇ ਵੇਚ ਕੇ ਜੱਸੀ ਨੂੰ ਕੈਨੇਡਾ ਭੇਜਣ ਵਾਲਾ ਉਸ ਦਾ ਪਿਉ ਵੀ ਪੈਸਿਆਂ ਦੀ ਮੰਗ ਕਰਦਾ ਰਹਿੰਦਾ ਸੀ। ਪਰ ਨਵਦੀਪ ਉਸ ਕੋਲ ਕੋਈ ਪੈਸਾ ਛੱਡੇ ਤਾਂ ਉਹ ਇੰਡੀਆ ਭੇਜੇ। ਜੱਸੀ ਨੇ ਨਵਦੀਪ ਨੂੰ ਆਖਰੀ ਚੇਤਾਵਨੀ ਦੇ ਦਿੱਤੀ ਕਿ ਜਾਂ ਤਾਂ ਮੈਨੂੰ ਪੱਕਾ ਕਰਵਾ ਨਹੀਂ ਮੈਂ ਕੋਈ ਹੋਰ ਜੁਗਾੜ ਭਾਲਦਾ ਹਾਂ। ਨਵਦੀਪ ਬਹੁਤ ਹੀ ਸ਼ਾਤਰ ਕਿਸਮ ਦੀ ਔਰਤ ਸੀ। ਉਸ ਨੇ ਸੋਚਿਆ ਕਿ ਜੇ ਹਰਿੰਦਰ ਵੈਨਕੂਵਰ ਆ ਜਾਵੇ ਤਾਂ ਉਸ ਦਾ ਜੱਸੀ ਨਾਲ ਵਿਆਹ ਕਰਵਾ ਕੇ ਇਸ ਮੁਸ਼ਕਿਲ ਦਾ ਹੱਲ ਕੱਢਿਆ ਜਾ ਸਕਦਾ ਹੈ।

ਕਈ ਵਾਰ ਚੰਗੇ ਭਲੇ ਆਦਮੀ ਦੀ ਮੱਤ ਮਾਰੀ ਜਾਂਦੀ ਹੈ ਤੇ ਉਹ ਬੈਠੇ ਬਿਠਾਏ ਅਜਿਹਾ ਪੰਗਾ ਲੈ ਬੈਠਦਾ ਹੈ ਕਿਨਾ ਅੱਗੇ ਜੋਗਾ ਰਹਿੰਦਾ ਹੈ ਤੇ ਨਾ ਪਿੱਛੇ ਜੋਗਾ। ਅਜਿਹਾ ਇੱਕ ਵਾਕਿਆ 8 - 10 ਸਾਲ ਪਹਿਲਾਂ ਕੈਨੇਡਾ ਵਿਖੇ ਵਾਪਰਿਆ ਸੀ। ਇੱਕ ਵਿਆਹੁ ਤਾ ਜੋੜੇ ਦੀ ਅਜਿਹੀ ਬੁੱਧੀ ਭ੍ਰਿਸ਼ਟ ਹੋਈ ਕਿ ਉਹ ਆਪਣਾ ਹੱਸਦਾ ਵੱਸਦਾ ਪਰਿਵਾਰ ਤਬਾਹ ਕਰ ਕੇ ਬੈਠ ਗਏ। ਚਰਨਜੀਤ ਤੇ ਉਸ ਦੀ ਪਤਨੀ ਹਰਿੰਦਰ (ਕਾਲਪਨਿਕ ਨਾਮ) ਲੰਡਨ (ਇੰਗਲੈਂਡ) ਵਿਖੇ ਆਪਣੀ 8-9 ਸਾਲ ਦੀ ਬੇਟੀ ਸਮੇਤ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਰਹੇ ਸਨ।ਚਰਨਜੀਤ ਇੰਜੀਨੀਅਰ ਸੀ ਤੇ ਇੱਕ ਵੱਡੀ ਕੰਪਨੀ ਵਿੱਚ ਚੰਗੇ ਅਹੁਦੇ ’ਤੇ ਤਾਇਨਾਤ ਸੀ। ਹਰਿੰਦਰ ਸਰਕਾਰੀ ਹਸਪਤਾਲ ਵਿੱਚ ਨਰਸ ਸੀ। ਪੱਛਮੀ ਦੇਸ਼ਾਂ ਵਿੱਚ ਨਰਸਾਂ ਨੂੰ ਮੋਟੀ ਤਨਖਾਹ ਮਿਲਦੀ ਹੈ। ਪਰ ਕਹਿੰਦੇ ਹਨ ਕਿ ਜਦੋਂ ਮਾੜੇ ਦਿਨ ਆਉਣ ਤਾਂ ਊਠ ’ਤੇ ਚੜ੍ਹੇ ਨੂੰ ਵੀ ਕੁੱਤਾ ਵੱਢ ਜਾਂਦਾ ਹੈ। ਹਰਿੰਦਰ ਦੀ ਵੱਡੀ ਭੈਣ ਨਵਦੀਪ ਵੈਨਕੂਵਰ ਰਹਿੰਦੀ ਸੀ ਤੇ ਉਸ ਦਾ ਪਤੀ ਮਹਾਂਨਲਾਇਕ ਤੇ ਵਿਹਲੜ ਕਿਸਮ ਦਾ ਆਦਮੀ ਸੀ।ਉਹ ਟੁੱਟੇ ਡੰਗ ਜੋ ਥੋੜ੍ਹਾ ਬਹੁਤ ਕਮਾਉਂਦਾ, ਸ਼ਰਾਬ ਅਤੇ ਨਸ਼ਿਆਂ ਵਿੱਚ ਉਡਾ ਦਿੰਦਾ। ਘਰ ਦਾ ਗੁਜ਼ਾਰਾ ਚਲਾਉਣ ਲਈ ਨਵਦੀਪ ਨੇ ਕੁਝ ਸਾਲਾਂ ਤੋਂ ਇੱਕ ਕੁੰਵਾਰਾ ਤੇ ਦੋ ਨੰਬਰ ਵਿੱਚ ਕੈਨੇਡਾ ਆਇਆ ਜੱਸੀ ਨਾਮ ਦਾ ਪੰਜਾਬੀ ਬੁਆਏ ਫਰੈਂਡ ਇਹ ਲਾਰਾ ਲਾ ਕੇ ਫਸਾਇਆ ਹੋਇਆ ਸੀ ਕਿ ਮੈਂ ਆਪਣੇ ਪਤੀ ਨੂੰ ਤਲਾਕ ਦੇ ਕੇ, ਤੇਰੇ ਨਾਲ ਵਿਆਹ ਕਰਵਾ ਕੇ ਤੈਨੂੰ ਪੱਕਾ ਕਰਵਾ ਦੇਵਾਂਗੀ।

ਜੱਸੀ ਹੁਣ ਨਵਦੀਪ ਦੇ ਲਾਰਿਆਂ ਤੋਂ ਅੱਕਿਆ ਪਿਆ ਸੀ। ਦੋ ਕਿੱਲੇ ਵੇਚ ਕੇ ਜੱਸੀ ਨੂੰ ਕੈਨੇਡਾ ਭੇਜਣ ਵਾਲਾ ਉਸ ਦਾ ਪਿਉ ਵੀ ਪੈਸਿਆਂ ਦੀ ਮੰਗ ਕਰਦਾ ਰਹਿੰਦਾ ਸੀ। ਪਰ ਨਵਦੀਪ ਉਸ ਕੋਲ ਕੋਈ ਪੈਸਾ ਛੱਡੇ ਤਾਂ ਉਹ ਇੰਡੀਆ ਭੇਜੇ। ਜੱਸੀ ਨੇ ਨਵਦੀਪ ਨੂੰ ਆਖਰੀ ਚੇਤਾਵਨੀ ਦੇ ਦਿੱਤੀ ਕਿ ਜਾਂ ਤਾਂ ਮੈਨੂੰ ਪੱਕਾ ਕਰਵਾ ਨਹੀਂ ਮੈਂ ਕੋਈ ਹੋਰ ਜੁਗਾੜ ਭਾਲਦਾ ਹਾਂ। ਨਵਦੀਪ ਬਹੁਤ ਹੀ ਸ਼ਾਤਰ ਕਿਸਮ ਦੀ ਔਰਤ ਸੀ। ਉਸ ਨੇ ਸੋਚਿਆ ਕਿ ਜੇ ਹਰਿੰਦਰ ਵੈਨਕੂਵਰ ਆ ਜਾਵੇ ਤਾਂ ਉਸ ਦਾ ਜੱਸੀ ਨਾਲ ਵਿਆਹ ਕਰਵਾ ਕੇ ਇਸ ਮੁਸ਼ਕਿਲ ਦਾ ਹੱਲ ਕੱਢਿਆ ਜਾ ਸਕਦਾ ਹੈ। ਇਸ ਤਰਾਂ ਇੱਕ ਦੀ ਬਜਾਏ ਸੋਨੇ ਦੇ ਅੰਡੇ ਦੇਣ ਵਾਲੀਆਂ ਦੋ ਮੁਰਗੀਆਂ ਕਾਬੂ ਆ ਜਾਣਗੀਆਂ। ਉਸ ਨੇ ਫੋਨ ਰਾਹੀਂ ਹੌਲੀ ਹੌਲੀ ਹਰਿੰਦਰ ਨੂੰ ਗੁੰਮਰਾਹ ਕਰਨਾ ਸ਼ੁਰੂ ਕਰ ਦਿੱਤਾ ਕਿ ਜੇ ਉਹ ਤੇ ਚਰਨਜੀਤ ਵੈਨਕੂਵਰ ਆ ਜਾਣ ਤਾਂ ਉਨ੍ਹਾਂ ਦੀ ਕਿਸਮਤ ਬਦਲ ਜਾਵੇਗੀ। ਇਥੇ ਇੰਜੀਨੀਅਰ ਤੇ ਨਰਸ ਨੂੰ ਇੰਗਲੈਂਡ ਨਾਲੋਂ ਕਈ ਗੁਣਾ ਵੱਧ ਤਨਖਾਹ ਮਿਲਦੀ ਹੈ ਤੇ ਘਰ ਵੀ ਸਸਤੇ ਹਨ। ਪਹਿਲਾਂ ਤਾਂ ਉਹ ਨਾ ਮੰਨੇ ਪਰ ਹੌਲੀ ਹੌਲੀ ਉਨ੍ਹਾਂ ’ਤੇ ਨਵਦੀਪ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਦਾ ਅਸਰ ਹੋ ਗਿਆ ਤੇ ਉਹ ਆਪਣਾ ਬੋਰੀ ਬਿਸਤਰਾ ਸਮੇਟ ਕੇ ਵੈਨਕੂਵਰ ਪਹੁੰਚ ਗਏ।

ਪਹਿਲਾਂ ਤਾਂ ਉਨ੍ਹਾਂ ਨੂੰ ਕੁਝ ਮਹੀਨੇ ਨਵਦੀਪ ਨੇ ਆਪਣੇ ਘਰ ਰੱਖਿਆ ਤੇ ਫਿਰ ਨਜ਼ਦੀਕ ਹੀ ਕਿਰਾਏ ’ਤੇ ਇੱਕ ਮਕਾਨ ਲੈ ਦਿੱਤਾ। ਕਹਾਵਤ ਹੈ ਕਿ ਇੱਕ ਗੰਦੀ ਮਛਲੀ ਸਾਰਾ ਤਲਾਬ ਗੰਦਾ ਕਰ ਦਿੰਦੀ ਹੈ। ਨਵਦੀਪ ਨੇ ਵੀ ਮੋਮੋਠਗਣੀ ਬਣ ਕੇ ਆਪਣੀ ਭੈਣ ਦਾ ਘਰ ਉਜਾੜ ਦਿੱਤਾ ਤੇ ਉਸ ਦੀ ਦੋਸਤੀ ਜੱਸੀ ਨਾਲ ਕਰਵਾ ਦਿੱਤੀ। ਜਦੋਂ ਚਰਨਜੀਤ ਨੂੰ ਪਤਾ ਲੱਗਾ ਤਾਂ ਘਰ ਵਿੱਚ ਲੜਾਈ ਝਗੜਾ ਸ਼ੁਰੂ ਹੋ ਗਿਆ ਤੇ ਜਲਦੀ ਹੀ ਦੋਵਾਂ ਵਿੱਚ ਤਲਾਕ ਹੋ ਗਿਆ।ਤਲਾਕਨਾਮੇ ਦੇ ਮੁਤਾਬਕ ਬੱਚੀ ਹਰਿੰਦਰ ਕੋਲ ਰਹਿ ਗਈ। ਨਵਦੀਪ ਨੇ ਕੁਝ ਦਿਨਾਂ ਬਾਅਦ ਹੀ ਹਰਿੰਦਰ ਤੇ ਜੱਸੀ ਦਾ ਵਿਆਹ ਕਰਵਾ ਦਿੱਤਾ। ਇਸ ਸਾਰੇ ਘਟਨਾਕ੍ਰਮ ਕਾਰਨ ਚਰਨਜੀਤ ਦਾ ਦਿੱਲ ਟੁੱਟ ਗਿਆ। ਉਸ ਨੇ ਕੈਨੇਡਾ ਵਿੱਚ ਰਹਿਣ ਤੋਂ ਤੌਬਾ ਕਰ ਲਈ ਤੇ ਇੱਕ ਚੰਗੀ ਕੰਪਨੀ ਵਿੱਚ ਨੌਕਰੀ ਹਾਸਲ ਕਰ ਕੇ ਆਸਟਰੇਲੀਆ ਚਲਾ ਗਿਆ। ਕੁਝ ਸਮੇਂ ਬਾਅਦ ਉਸ ਨੇ ਉਥੇ ਹੀ ਵਿਆਹ ਕਰਵਾ ਲਿਆ।

ਮੋਟੇ ਦਿਮਾਗ ਦੇ ਜੱਸੀ ਨੇ ਸਮਝਿਆ ਕਿ ਹੁਣ ਤਾਂ ਮੈਂ ਪੱਕਾ ਹੋ ਹੀ ਜਾਣਾ ਹੈ ਤੇ ਜਲਦੀ ਹੀ ਉਸ ਨੇ ਆਪਣੇ ਅਸਲੀ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ। ਰੋਜ਼ਾਨਾ ਸ਼ਰਾਬ ਨਾਲ ਰੱਜ ਕੇ ਤਾਹਨੇ ਮਿਹਣੇ ਮਾਰਨੇ ਸ਼ੁਰੂ ਕਰ ਦਿੱਤੇ ਕਿ ਮੈਂ ਤਾਂ ਪੱਕਾ ਹੋਣ ਦੇ ਚੱਕਰ ਵਿੱਚ ਫਸ ਗਿਆ, ਨਹੀਂ ਤੇਰੇ ਵਰਗੀ ਛੁੱਟੜ ਨਾਲ ਕੌਣ ਵਿਆਹ ਕਰਵਾਉਂਦਾ। ਗਾਲ ਮੰਦੇ ਤੋਂ ਗੱਲ ਕੁੱਟ ਮਾਰ ਤੱਕ ਪਹੁੰਚ ਗਈ। ਹੌਲੀ ਹੌਲੀ ਹਰਿੰਦਰ ਨੂੰ ਆਪਣੀ ਭੈਣ ਦੀ ਅਸਲੀਅਤ ਪਤਾ ਚੱਲ ਗਈ ਤੇ ਉਹ ਉਸ ਸਮੇਂ ਨੂੰ ਪਛਤਾਉਣ ਲੱਗੀ ਜਦੋਂ ਉਹ ਇਸ ਬਾਰਾਂ ਤਾਲੀ ਦੀਆਂ ਗੱਲਾਂ ਵਿੱਚ ਫਸ ਕੇ ਕੈਨੇਡਾ ਆ ਗਈ ਸੀ। ਦੂਸਰੇ ਪਾਸੇ ਚਰਨਜੀਤ ਦਾ ਵੀ ਪੰਗਾ ਪੈ ਗਿਆ ਕਿਉਂਕਿ ਉਸ ਦੀ ਪਤਨੀ ਬੇਹੱਦ ਸ਼ੱਕੀ ਕਿਸਮ ਦੀ ਔਰਤ ਸੀ। ਜਦੋਂ ਚਰਨਜੀਤ ਆਪਣੀ ਬੱਚੀ ਨਾਲ ਕੈਨੇਡਾ ਫੋਨ ’ਤੇ ਗੱਲ ਕਰਦਾ ਤਾਂ ਉਹ ਪਵਾੜਾ ਪਾ ਕੇ ਬੈਠ ਜਾਂਦੀ ਕਿ ਉਹ ਆਪਣੀ ਪਹਿਲੀ ਪਤਨੀ ਨਾਲ ਗੱਲਾਂ ਕਰਦਾ ਹੈ। ਜਦੋਂ ਚਰਨਜੀਤ ਦੇ ਸਿਰ ਤੋਂ ਪਾਣੀ ਲੰਘ ਗਿਆ ਤਾਂ ਉਸ ਨੇ ਲੰਡਨ ਵਿਖੇ ਆਪਣੇ ਕਿਸੇ ਸਿਆਣੇ ਰਿਸ਼ਤੇਦਾਰ ਨਾਲ ਦੁੱਖ ਫੋਲਿਆ। ਰਿਸ਼ਤੇਦਾਰ ਨੂੰ ਸਾਰੀ ਰਾਮ ਕਹਾਣੀ ਦਾ ਪਤਾ ਲੱਗਾ ਤਾਂ ਉਸ ਨੇ ਹਰਿੰਦਰ ਨਾਲ ਗੱਲ ਕੀਤੀ ਤੇ ਵਿੱਚ ਪੈ ਕੇ ਦੋਵਾਂ ਦੀ ਸੁਲ੍ਹਾ ਸਫਾਈ ਕਰਵਾ ਦਿੱਤੀ। ਦੋਵੇਂ ਤਲਾਕ ਲੈ ਕੇ ਦੁਬਾਰਾ ਲੰਡਨ ਪਹੁੰਚ ਗਏ ਤੇ ਹੁਣ ਖੁਸ਼ੀ ਖੁਸ਼ੀ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ। ਨਵਦੀਪ ਨਾਲ ਬਹੁਤ ਬੁਰੀ ਹੋਈ। ਉਸ ਨੂੰ ਪਤੀ ਨੇ ਵੀ ਛੱਡ ਦਿੱਤਾ ਤੇ ਪੱਕਾ ਨਾ ਹੋਣ ਕਾਰਨ ਬੁਆਏ ਫਰੈਂਡ ਨੇ ਵੀ। ਕਿਸ਼ਤਾਂ ਨਾ ਭਰ ਸਕਣ ਕਾਰਨ ਮਕਾਨ ਬੈਂਕ ਨੇ ਜ਼ਬਤ ਕਰ ਲਿਆ ਤੇ ਹੁਣ ਉਹ ਕਿਰਾਏ ਦੀ ਬੇਸਮੈਂਟ ਲੈ ਕੇ ਤੇ ਛੋਟੇ ਮੋਟੇ ਕੰਮ ਕਰ ਕੇ ਬੱਚੇ ਪਾਲ ਰਹੀ ਹੈ। ਜੱਸੀ ਵੀ ਜੇ ਸਾਲ ਛੇ ਮਹੀਨੇ ਆਪਣੀ ਜ਼ੁਬਾਨ ’ਤੇ ਕੰਟਰੋਲ ਰੱਖਦਾ ਤਾਂ ਸ਼ਾਇਦ ਪੱਕਾ ਹੋ ਜਾਂਦਾ।




THE EMPIRE
BANQUET & CONFERENCE HALL
'ਗੇਟਵੇਅ ਪੀਜ਼ਾ' ਦੇ ਮਾਲਕ ਜਵਾਹਰ ਸਿੰਘ ਪੱਡਾ ਨੇ ਸਰੀ 'ਚ ਖੋਲ ਦਿੱਤਾ ਹੈ ਨਵਾਂ ਬੈਂਕੁਇਟ ਹਾਲ
Banquet Facility 1500 People
The Empire Banquet and Conference Hall offers the finest convention facilities, such as conference halls, guest rooms, and business centers that are outfitted with cutting-edge technology.
• Corporate Events • Baby Shower
• Birthday Party• Reception Party
• Wedding Celebration
ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ ਦਾ ਇੰਮਪਾਇਰ ਬੈਂਕੁਇਟ ਹਾਲ ਬੁੱਕ ਕਰੋ।
CONTACT US: 604-594-4333
12888 80th Ave Unit #210, Surrey B.C. V3W 3A8
Email: info@theempirebanquethall.com/ www.theempirebanquethall.com


ਜ਼ਿੰਦਗੀ - ਜ਼ਿੰਦਾਬਾਦ
ਜ਼ਿੰਦਗੀ - ਜ਼ਿੰਦਾਬਾਦ
SUKHI BATH MOTORS
• ਕੀ ਤੁਸੀਂ ਅਵਲ ਦਰਜੇ ਦੀ ਗੱਡੀ ਦੀ ਭਾਲ ਵਿਚ ਹੋ ?
• ਕੀ ਤੁਸੀਂ ਆਪਣੀ ਮਿਹਨਤ ਦੀ ਕਮਾਈ ਦੀ ਬਚਤ ਕਰਨਾ ਚਾਹੁੰਦੇ ਹੋ ?
• ਕੀ ਤੁਸੀਂ ਆਪਣੀ ਪੁਰਾਣੀ ਕਾਰ ਦੇ ਵੱਧ ਤੋਂ ਵੱਧ ਪੈਸੇ ਲੈਣਾ ਚਾਹੁੰਦੇ ਹੋ ?
• ਕੀ ਤੁਸੀਂ ਸੈਰ ਲਈ, ਕੰਮ ਦੇ ਪਰਮਿਟ ਤੇ ਜ਼ਾ ਪੜਾਈ ਲਈ ਆਏ ਹੋ ?
• ਕੀ ਤੁਸੀਂ ਕਾਰ ਪ੍ਰਤੀ ਲੋਨ ਲਈ ਬੈਂਕ ਵੱਲੋਂ ਕੀਤੀ ਨਾਂਹ ਤੋਂ ਪ੍ਰੇਸ਼ਾਨ ਹੋ ?
• ਕੀ ਤੁਸੀਂ ਤਸੱਲੀ ਵਾਲੀ ਸਰਵਿਸ, ਅਤੇ ਮਨ ਦੇ ਸਕੂਨ ਦੀ ਭਾਲ ਵਿਚ ਹੋ ?
• ਕੀ ਆਪ ਦਾ ਕਰੈਡਿਟ ਥੋੜਾ ਉਪਰ ਥੱਲੇ ਹੋ ਗਿਆ ਹੈ ?
• ਕੀ ਤੁਸੀਂ ਉਸ ਨਾਮ ਦੀ ਭਾਲ ਵਿਚ ਹੋ ? ਜਿਸ 'ਤੇ ਸਾਰੀ ਕਮਿਊਨਿਟੀ ਭਰੋਸਾ ਕਰਦੀ ਹੈ ?
• ਕੀ ਤੁਸੀਂ 40 ਸਾਲਾਂ ਤੋਂ ਵੀ ਵੱਧ ਦੇ ਚੰਗੇ ਸਫ਼ਰ ਅਤੇ ਭਰੋਸੇ ਵਾਲੀ ਡੀਲਰਸ਼ਿਪ ਦੀ ਭਾਲ ਵਿਚ ਹੋ ?
B.C.`S LARGEST IN-HOUSE AUTO FINANCE DEALERSHIP
ਆਪ ਦੇ ਸਾਰੇ ਸਵਾਲਾਂ ਦਾ ਇੱਕੋ ਇਕ ਹੱਲ
ਛੇਤੀ ਛੇਤੀ ਸੁੱਖੀ ਬਾਠ ਮੋਟਰਜ਼ 'ਤੇ ਚੱਲ !!
Sukhi Bath motors.com
ਸੁੱਖੀ ਬਾਠ ਮੋਟਰਜ਼
SUKHI BATH (CEO)
SUKHI BATH GROUP OF COMPANY.
SUKHIBATHMOTORS.COM TEL: 604-580-1000
15437 FRASER HWY SURREY B.C
DEALER

# ਇੱਕ ਸਾਲ ਤੋਂ ਮ੍ਰਿਤਕ ਮਾਂ ਨਾਲ ਰਹਿ ਰਹੀਆਂ ਸਨ ਬੇਟੀਆਂ, ਰਜਾਈ ਵਿਚ ਰੱਖਿਆ ਸੀ ਪਿੰਜਰ

ਵਾਰਾਣਸੀ-ਉੱਤਰ ਪ੍ਰਦੇਸ਼ ਦੇ ਵਾਰਾਣਸੀ ਵਿਚ ਬੁੱਧਵਾਰ ਸ਼ਾਮ ਨੂੰ ਉਸ ਸਮੇਂ ਹਫੜਾ-ਦਫੜੀ ਮਚ ਗਈ ਜਦੋਂ ਇਕ ਘਰ ਵਿਚੋਂ ਇਕ ਔਰਤ ਦਾ ਪਿੰਜਰ ਬਰਾਮਦ ਹੋਇਆ। ਔਰਤ ਦੀ 8 ਦਸੰਬਰ 2022 ਨੂੰ ਬੀਮਾਰੀ ਕਾਰਨ ਮੌਤ ਹੋ ਗਈ ਸੀ, ਪਰ ਉਸ ਦੀਆਂ ਦੋ ਬੇਟੀਆਂ ਨੇ ਅੰਤਿਮ ਸੰਸਕਾਰ ਨਹੀਂ ਕੀਤਾ। ਪਰਿਵਾਰ ਅਤੇ ਸਮਾਜ ਨਾਲੋਂ ਸਾਰੇ ਰਿਸ਼ਤੇ ਤੋੜ ਕੇ ਦੋ ਭੈਣਾਂ ਨੇ ਘਰ ਵਿੱਚ ਕੈਦ ਹੋ ਕੇ ਆਪਣੀ ਮ੍ਰਿਤਕ ਮਾਂ ਦੀ ਲਾਸ਼ ਦਾ ਪਿੰਜਰ ਇੱਕ ਸਾਲ ਤੱਕ ਘਰ ਵਿੱਚ ਛੁਪਾ ਕੇ ਰੱਖਿਆ। 27 ਸਾਲਾ ਪੱਲਵੀ ਅਤੇ 19 ਸਾਲਾ ਵੈਸ਼ਨਵੀ ਆਪਣੀ ਮਾਂ ਨਾਲ ਰਹਿ ਰਹੀਆਂ ਸਨ, ਜਿਨ੍ਹਾਂ ਦੀ ਇਕ ਸਾਲ ਪਹਿਲਾਂ ਮੌਤ ਹੋ ਗਈ ਸੀ। ਪੱਲਵੀ ਅਤੇ ਵੈਸ਼ਨਵੀ ਦੀ ਮਾਂ ਊਸ਼ਾ ਤਿਵਾਰੀ ਦੀ 8 ਦਸੰਬਰ, 2022 ਨੂੰ ਮੌਤ ਹੋ ਗਈ ਸੀ, ਪਰ ਭੈਣਾਂ ਨੇ ਆਪਣੇ ਗੁਆਂਢੀਆਂ ਅਤੇ ਰਿਸ਼ਤੇਦਾਰਾਂ ਨੂੰ ਦੱਸਿਆ ਸੀ ਕਿ ਉਨ੍ਹਾਂ ਨੇ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ ਹੈ। ਮਾਮਲੇ ਦੀ ਸੂਚਨਾ ਮਿਲਦੇ ਹੀ ਥਾਣਾ ਲੰਕਾ ਦੀ ਪੁਲਿਸ ਬੁੱਧਵਾਰ ਨੂੰ ਮੌਕੇ 'ਤੇ ਪਹੁੰਚੀ ਅਤੇ ਘਰ ਦੇ ਤਿੰਨ ਦਰਵਾਜ਼ਿਆਂ ਦੇ ਤਾਲੇ ਤੋੜ ਕੇ ਅੰਦਰ ਵੜ ਗਈ। ਪਿੰਜਰ ਬਾਹਰ ਕੱਢਿਆ ਗਿਆ ਅਤੇ ਦੋਨਾਂ ਧੀਆਂ ਨੂੰ ਵੀ ਘਰੋਂ ਬਾਹਰ ਲਿਆਂਦਾ ਗਿਆ। ਔਰਤ ਦੇ ਕੱਪੜੇ, ਚੱਪਲਾਂ, ਚਾਦਰ, ਰਜਾਈ ਆਦਿ ਸਬੂਤ ਵਜੋਂ ਜ਼ਬਤ ਕਰ ਲਏ ਗਏ ਹਨ। ਇਹ ਘਟਨਾ ਵਾਰਾਣਸੀ ਦੇ ਲੰਕਾ ਥਾਣਾ ਖੇਤਰ ਦੇ ਮਦਰਵਨ ਦੀ ਹੈ। ਲੰਕਾ ਪੁਲਸ ਸਟੇਸ਼ਨ ਇੰਚਾਰਜ ਸ਼ਿਵਕਾਂਤ ਮਿਸ਼ਰਾ ਨੇ ਫੋਨ 'ਤੇ ਦੱਸਿਆ ਕਿ ਮਦਰਵਾ, ਸਾਮਘਾਟ ਦੀ ਰਹਿਣ ਵਾਲੀ 52 ਸਾਲਾ ਊਸ਼ਾ ਤਿਵਾਰੀ ਦੀ ਲੰਬੀ ਬੀਮਾਰੀ ਤੋਂ ਬਾਅਦ ਪਿਛਲੇ ਸਾਲ ਮੌਤ ਹੋ ਗਈ ਸੀ। ਉਸ ਦਾ ਪਤੀ 2 ਸਾਲ ਪਹਿਲਾਂ ਘਰ ਛੱਡ ਕੇ ਚਲਾ ਗਿਆ ਸੀ ਅਤੇ ਪਤਨੀ ਦੀ ਮੌਤ ਤੋਂ ਬਾਅਦ ਵੀ ਘਰ ਨਹੀਂ ਆਇਆ, ਜਦਕਿ ਉਸ ਦੀਆਂ ਦੋ ਬੇਟੀਆਂ ਪੱਲਵੀ ਅਤੇ ਵੈਸ਼ਨਵੀ ਨੇ ਆਪਣੀ ਮਾਂ ਦੀ ਮੌਤ ਤੋਂ ਬਾਅਦ ਲਾਸ਼ ਦਾ ਸਸਕਾਰ ਨਹੀਂ ਕੀਤਾ ਅਤੇ ਆਪਣੇ ਕਮਰੇ ਵਿਚ ਬੰਦ ਰੱਖਿਆ।




# ਅਮਰੀਕਾ ਤੋਂ 14 ਬੋਇੰਗ ਸਰਵੇਲੈਂਸ ਜਹਾਜ਼ ਖਰੀਦਣ ਜਾ ਰਹੀ ਹੈ ਫੈਡਰਲ ਸਰਕਾਰ

ਓਟਵਾ-ਆਪਣੇ ਉਮਰਦਰਾਜ਼ ਹੋ ਚੁੱਕੇ ਸੀਪੀ-140 ਅਰੋਰਾ ਫਲੀਟ ਨੂੰ ਬਦਲਣ ਲਈ ਫੈਡਰਲ ਸਰਕਾਰ ਅਮਰੀਕਾ ਤੋਂ 14 ਬੋਇੰਗ ਸਰਵੇਲੈਂਸ ਜਹਾਜ਼ ਖਰੀਦਣ ਜਾ ਰਹੀ ਹੈ। ਇਸ ਡੀਲ ਉੱਤੇ 10.3 ਬਿਲੀਅਨ ਡਾਲਰ ਦਾ ਕੁੱਲ ਖਰਚਾ ਆਵੇਗਾ, ਜਿਨ੍ਹਾਂ ਵਿੱਚੋਂ 5.9 ਬਿਲੀਅਨ ਡਾਲਰ ਦੇ ਤਾਂ ਜੈੱਟ ਹੀ ਹੋਣਗੇ। ਇਹ ਜਹਾਜ਼ ਕੈਨੇਡਾ ਨੂੰ 2026 ਤੇ 2027 ਵਿੱਚ ਮਿਲ ਜਾਣਗੇ। ਓਟਵਾ ਵਿੱਚ ਇੱਕ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰੱਖਿਆ ਮੰਤਰੀ ਬਿੱਲ ਬਲੇਅਰ ਨੇ ਆਖਿਆ ਕਿ ਇਹ ਏਅਰਕ੍ਰਾਫਟ ਮਾਮੂਲੀ ਜਹਾਜ਼ ਨਹੀਂ ਹੋਣਗੇ। ਇਨ੍ਹਾਂ ਦਾ ਗੁੰਝਲਦਾਰ ਵੈਪਨਜ਼ ਸਿਸਟਮ ਹੋਵੇਗਾ ਤੇ ਇਨ੍ਹਾਂ ਦੀ ਸਫਲਤਾ ਦਾ ਟਰੈਕ ਰਿਕਾਰਡ ਵੀ ਬਹੁਤ ਚੰਗਾ ਹੈ। ਕੈਨੇਡਾ ਦਾ ਅਰੋਰਾ ਫਲੀਟ, ਪਹਿਲਾਂ ਹੀ ਚਾਰ ਦਹਾਕੇ ਪੁਰਾਣਾ ਹੈ ਤੇ 2030 ਵਿੱਚ ਇਹ ਜਹਾਜ਼ ? ਆਪਣੀ ਰਿਟਾਇਰਮੈਂਟ ਦੀ ਉਮਰ ਵਿੱਚ ਪਹੁੰਚ ਜਾਣਗੇ। ਬਲੇਅਰ ਨੇ ਆਖਿਆ ਕਿ ਇਨ੍ਹਾਂ ਜਹਾਜ਼ਾਂ ਨੂੰ ਉਸ ਤੋਂ ਪਹਿਲਾਂ ਹੀ ਬਦਲਣਾ ਬੇਹੱਦ ਜ਼ਰੂਰੀ ਹੋ ਗਿਆ ਸੀ। ਬਲੇਅਰ ਨੇ ਆਖਿਆ ਕਿ ਸਾਡੇ ਕੋਲ ਇਹ ਸਹੀ ਚੋਣ ਨਹੀਂ ਸੀ ਸਗੋਂ ਸਿਰਫ ਇਹੋ ਬਦਲ ਮੌਜੂਦ ਸੀ।




ਜਾਇਜ਼ ਕੀਮਤ ਤੇ ਖਰੀਦੋ ਨਵਾਂ ਲਗਜ਼ਰੀ ਘਰ

ਇਨਵੈਸਟਰ, ਰੈਸਟੋਰੈਂਟ ਅਤੇ ਟਰੱਕਾਂ ਵਾਲਿਆਂ ਲਈ ਰਿਹਾਇਸ਼ੀ/ਕਮਰਸ਼ੀਅਲ ਵਧੀਆ ਆਮਦਨ ਲਈ (10 ਕਮਰੇ, 10 ਬਾਥਰੂਮਜ਼, ਵੱਡਾ ਥਿਏਟਰ ਰੂਮ, ਬਾਰ, ਔਫੀਸ/ਪ੍ਰੇਅਰ/ਸਟੱਡੀ ਰੂਮ) 100+ ਪਾਰਕਿੰਗ ਵਾਲਾ ਸਰੀ ਦੇ ਪ੍ਰਾਈਮ ਏਰੀਏ ਕਿੰਗ ਜਾਰਜ 84 ਐਵਨਿਊ ਕੋਲ ਇੱਕ ਏਕੜ ਜਗ੍ਹਾ ਵਿੱਚ ਬਣਿਆ ਬਹੁਤ ਹੀ ਸੁੰਦਰ ਘਰ ਵਿਕਾਊ ਹੈ। ਕਿਸੇ ਵੀ ਦਿਨ/ਸਮੇਂ ਫੋਨ ਕਰਕੇ ਦੇਖਣ ਲਈ ਆ ਸਕਦੇ ਹੋ।

★ਲੋਨ ਸਹੂਲਤ ਵੀ ਉਪਲੱਬਧ ਹੈ।★

TRUCKER, RESTAURANT AND INVESTER ALERT.

LUXURY BIG HOUSE FOR SALE

2023 BRAND NEW ELEGANT RESIDENCIAL /COMMERCIAL HOME NEAR KING GEORGE/84 AVE ,SURREY SITTING ON 43500+ SQ.FT LOT (10 BEDROOMS+10 BATHS+BIG THEATRE ROOM WITH BAR, THREE CAR GARAGE WITH 100+PARKING SPOTS AND MANY MORE FACILITIES

WALKING DISTANCE TO ALL LEVELS OF SCHOOLS, SHOPS, GROCERY MARKET, PIZZA STORE, SWEET SHOP, BEAR CREEK PARK, GAS STATION, COSTCO, SUPERSTORE, CAR WASH, MCDONALDS AND TIM HORTONS, GURU GHAR AND MANDIR.

MORTGAGE FACILITY AVAILABLE

ਇਸ ਤੋਂ ਇਲਾਵਾ ਫਰੇਜ਼ਰ ਹਾਈਟ ਅਤੇ ਪੈਨੋਰਾਮਾ ਸਰੀ ਵਿੱਚ ਵੀ ਸਟਾਰਵੇ ਹੋਮਜ਼ ਲਿਮਟਿਡ ਵਾਲਿਆਂ ਵੱਲੋਂ ਬਣਿਆ ਘਰ ਖ਼ੀਦਣ ਲਈ ਕਾਲ ਕਰੋ।

604 710 5262,604 710 2823



ਸਾਹ ਦੀ ਬਿਮਾਰੀ ਦੇ ਮੌਸਮ ਲਈ ਸਿਹਤਮੰਦ ਆਦਤਾਂ

ਇਹ ਸਹੀ ਸਮਾਂ ਹੈ। ਫਲੂ ਅਤੇ ਅੱਪਡੇਟ ਕੀਤੇ ਕੋਵਿਡ ਸ਼ਾਟ ਲਗਵਾਓ।

ਅਤੇ ਇਹਨਾਂ ਵਾਧੂ ਸਿਹਤਮੰਦ ਆਦਤਾਂ ਦੀ ਪਾਲਣਾ ਕਰਨਾ ਯਾਦ ਰੱਖੋ।

ਖੰਘਦੇ ਅਤੇ ਛਿੱਕਦੇ ਸਮੇਂ ਮੂੰਹ ਢਕੋ।

ਆਪਣੇ ਹੱਥਾਂ ਨੂੰ ਵਾਰ-ਵਾਰ ਸਾਫ਼ ਕਰੋ ਜਾਂ ਸੈਨੇਟਾਈਜ਼ ਕਰੋ।

ਜੇਕਰ ਤੁਸੀਂ ਬਿਮਾਰ ਹੋ ਤਾਂ ਘਰ ਰਹੋ।

ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਵਿੱਚ ਮਦਦ ਕਰੋ।



BRITISH COLUMBIA

HealthyHabitsBC.ca

basant motors




CAR DEALERSHIP • AUTOMOTIVE SERVICES • FINANCIAL SERVICES

At Basant Motors, we value each and every customer's experience. We are one of the most unique and largest pre-owned dealerships in BC. With 25 successful years in the automotive industry, we look forward to serving the community for generations to come.

- Diverse huge inventory
- On-Site Service Department
- Basant Rewards Program
- Lifetime Engine Warranties

www.basantmotors.com 604.572.7880
16315 Fraser Hwy, Surrey, BC V4N 0G1



COIN CAR RENTAL



ਅਸੀਂ ਕਾਰ, ਵੈਨ ਅਤੇ 1-ਟਨ ਦੇ ਟਰੱਕ ਵਾਜਬ ਕੀਮਤਾਂ 'ਤੇ ਕਿਰਾਏ ਦੇ ਲਈ ਦਿੰਦੇ ਹਾਂ।

WE PROVIDE CARS, VANS & 1-TON TRUCKS AT REASONABLE PRICES FOR RENT

Call:778-861-2644
12872, 112 Ave,
SURREY, B.C. V3T 2S9



ESSEX Collision Services Ltd. ਐਸੈਕਸ ਕੋਲੀਜ਼ਨ ਸਰਵਿਸਜ਼ ਲਿਮ.

ICBC c.a.r. shop VALET
Accredited Collision Repairs & Valet Service

Chassis Straightening-Fibreglass Repair- Pin Striping-Color Matching-Domestic & Foreign-Welding Expert Framework using the latest technology.



Moe Vilkhu Mukhtiar S Nijjar

www.essexcollision.com / E-mail:service@essexcollision.ca
Unit 105-12921-84 Ave Street
604-591-8242/778-999-8242

ICBC & Private Claims Accepted

Hi-Tech Computerized Down-Draft Spray Booth-Custom Body Work-Custom Paint & Exact Color Matching Base Coat Clear Coat-Complete Collision Repair Specialists- Free Pick-Up & Drop Off Service
All technicians fully Certified. Quality service at affordable prices. Call us Today!



LANGLEY BANQUET HALL



ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।

- Wedding • Corporate Events
- Private Dinner • Bithday Parties
- Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।

Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3



Satbir Bhullar
"Smart Mortgage Solutions"

Dominion Lending Centres



ਤੁਹਾਡੇ ਕਿਸੇ ਵੀ ਮੋਰਗੇਜ਼ ਸਬੰਧੀ ਪ੍ਰਸ਼ਨਾਂ ਦੇ ਹੱਲ ਲਈ ਅੱਜ ਹੀ ਕਾਲ ਕਰੋ ਜਾਂ ਮਿਲੋ ਤੁਹਾਡੇ ਆਪਣੇ ਮੋਰਗੇਜ਼ ਸਪੈਸ਼ਲਿਸਟ ਸਤਬੀਰ ਭੁੱਲਰ ਨੂੰ।

satbir@satbirbhullar.ca/www.satbirbhullar.ca
Tel: 604-751-1447
# 3-32056 S Fraser Way, Abbotsford, BC V2T 1V7

Satbir Bhullar
Mortgage Specialist





SWING OPTICAL & EYE CARE
Satti Grewal
ਸੱਤੀ ਗਰੇਵਾਲ
604-820-1112

We Have All Types Of Brand Names:
VERSACE GUCCI BALENCIAGA TOM FORD EYEWEAR TIFFANY&Co. PRADA EYEWEAR OAKLEY

BOOK YOUR EYE EXAM WITH DR. GILL
DIRECT BILLING TO BLUE CROSS, SUNLIFE AND MANY MORE.

ਆਪਣੀਆਂ ਅੱਖਾਂ ਦੀ ਨਿਗਾ ਲਈ ਅੱਜ ਹੀ ਡਾਕਟਰ ਨੂੰ ਮਿਲੋ ਤੇ ਚੋਟੀ ਦੀਆਂ ਐਨਕਾਂ ਲਗਾਓ ਤੇ ਆਪਣੀ ਦਿੱਖ ਨੂੰ ਹੋਰ ਵੀ ਸੋਹਣਾ ਬਣਾਓ।

3rd ਪਾਰਟੀ ਬਿਲਿੰਗ (ਬਲਿਊ ਕਰੌਸ, ਸਨਲਾਈਫ, ਮੈਨੂਲਾਈਫ, ਸਟੈਂਡਰਡ ਲਾਈਫ ਅਤੇ ਹੋਰ)
3rd party billing (Blue Cross, Sunlife, Manulife, Standardlife & More)

Proud to Serve Mission for Over 32 years!
ਤਕਰੀਬਨ 32 ਸਾਲਾਂ ਤੋਂ ਮਿਸ਼ਨ ਦੀ ਸੇਵਾ ਕਰਦਿਆਂ ਮਾਣ ਮਹਿਸੂਸ ਕਰਦੇ ਹਾਂ!

326-32555 London Ave Junction Mall Mission, BC V2V 6M7
www.swingoptical.com


SUNFARM
ABBOTSFORD
PRODUCE | GROCERY | UTENSIL
ਹਰ ਤਰ੍ਹਾਂ ਦੀਆਂ ਲੋਕਲ ਸਬਜ਼ੀਆਂ
'ਸਨਫਾਰਮ' ਐਬਟਸਫੋਰਡ 'ਤੇ ਮਿਲਦੀਆਂ ਹਨ।
Prop. Jaswant S Khinda
Sun Farm Abbotsford.
Ria MONEY TRANSFER
ਇੰਡੀਆ ਪੈਸੇ ਭੇਜਣ ਲਈ ਸੰਪਰਕ ਕਰੋ
Weekly SPECIAL ITEMS!
Sher Besan
ਸ਼ੇਰ ਬੇਸਣ
$3.99
4 Lb
Parliament Gold Rice
ਪਾਰਲੀਮੈਂਟ ਗੋਲਡ ਚਾਵਲ 10 Lb
BEST PRICE
$12.99
Gagan mustard oil
ਸ਼ੁਧ ਸਰਸੋਂ ਦਾ ਤੇਲ
$24.99
4Ltr
BEST PRICE
Jimidar Suji/Milk Rusk
$4.49
Uncle-G chana all flavor
$2.99
SUPER SPECIAL
Qilla gold Basmati Rice
ਬਾਸਮਤੀ ਚਾਵਲ
$14.99
10 LB
SUPER SPECIAL
Tea Time Tea
ਟੀ ਟਾਈਮ ਟੀ
$8.99
1Kg
SUPER SPECIAL
Lalqila Rice
ਲਾਲ ਕਿਲਾ ਚਾਵਲ
$9.99
8 LB
Tata Tea Agni
$9.99
1 KG
SUPER SPECIAL
BEST PRICE
Tata Premium Tea
ਟਾਟਾ ਪ੍ਰੀਮੀਅਮ ਚਾਹ 638gm
$8.99
Phahwara sugar
ਫਗਵਾੜਾ ਖੰਡ
$8.99
10 Lb
SUPER SPECIAL
Cucumber
ਖੀਰੇ
$1.49
2 For
SUPER SPECIAL
Rice 1313
ਚਾਵਲ 1313
$8.99
8 LB
SUPER SPECIAL
Green Cabbage
ਹਰੀ ਬੰਦ ਗੋਭੀ
¢99
per pound
Guruji cookies all flavours
$6.99
Crown sun flower oil
$4.99
1Ltr
Biryani Rice 1313
ਬਿਰਆਨੀ ਚਾਵਲ
$8.99
8Lb
BEST PRICE
Bc fresh apple/ਸੇਬ
¢79
Lb
Walnuts
ਅਖਰੋਟ
$5.99
1Lb
Cauliflower
ਗੋਭੀ
$2.99
EA
All prices applicable till 2 DECEMBER 2023
UNIT 108 3670 TOWNLINE ROAD, ABBOTSFORD
(IN WESTERN COMMUNITY COLLEGE PLAZA)
604-556-8964